ੴ

# ਸਚਖੰਡਿ ਦਰਸ਼ਨ



ਭਾਈ ਸਾਹਿਬ
ਰਣਧੀਰ ਸਿੰਘ


www.sikhbookclub.com

# ਸਚਖੰਡ ਦਰਸ਼ਨ

ਜਪੁਜੀ ਸਾਹਿਬ ਵਿਚ ਵਰਨਣ ਕੀਤੇ ਪੰਜਾਂ ਖੰਡਾਂ

ਧਰਮ ਖੰਡ, ਗਿਆਨ ਖੰਡ, ਸਰਮ ਖੰਡ,

ਕਰਮ ਖੰਡ, ਸਚ ਖੰਡ, ਤੇ ਹੋਰ

ਸਬੰਧਤ ਪ੍ਰਕਰਣਾਂ ਦੀ

ਨਿਰਣੇ ਪੂਰਬਕ

ਵਿਆਖਿਆ

-: ੦ :-

ਰਚਿਤ

ਭਾਈ ਸਾਹਿਬ ਭਾਈ ਰਣਧੀਰ ਸਿੰਘ

ਪ੍ਰਕਾਸ਼ਕ :

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

੨੩-ਜੀ, ਸਰਾਭਾ ਨਗਰ, ਲੁਧਿਆਣਾ

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਨੌਵੀਂ ਵਾਰ ਸਤੰਬਰ ੧੯੯੭
ਦਸਵੀਂ ਵਾਰ ਮਾਰਚ ੨੦੦੪
੨੦੦੦ ਕਾਪੀ
ਮੁੱਲ : ੨੦-੦੦

ਪ੍ਰਕਾਸ਼ਕ :

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

ਪ੍ਰਿੰਟਰ : ਬ੍ਰਾਈਟ ਪ੍ਰਿੰਟਰਜ਼, ਜਲੰਧਰ

# ਤਤਕਰਾ


| ਪ੍ਰਕਰਣ | ਸਫ਼ਾ |
|---|---|
| – ਉਥਾਨਕਾ | ੫ |
| – ਪ੍ਰਮਾਰਥ ਪਾਂਧੀ ਕੀ ਕਹਿੰਦੇ ਨੇ | ੧੦ |
| – ਸਚਖੰਡ ਦਰਸ਼ਨ—ਆਰੰਭਕ ਬਚਨ ਕਰਤਾ ਵਲੋਂ | ੧੩ |
| ੧. ਪੰਜਾ ਖੰਡਾਂ ਦਾ ਨਿਰਣਾ | ੧੫ |
| ੨. ਧਰਮ ਖੰਡ | ੨੦ |
| ੩. ਗਿਆਨ ਖੰਡ | ੨੪ |
| ੪. ਸਰਮ ਖੰਡ | ੨੮ |
| ੫. ਕਰਮ ਖੰਡ | ੩੦ |
| ੬. ਸਚ ਖੰਡ | ੩੧ |
| ੭. ਨਿਰੰਕਾਰ ਸਚਖੰਡ ਵਸਦਾ ਭੀ ਸਰਬ ਵਿਆਪਕ ਹੈ | ੩੫ |
| ੮. ਸਚਖੰਡ ਦਾ ਨਜ਼ਾਰਾ ਮਾਤ ਲੋਕ ਵਿਚ | ੩੮ |
| ੯. ਬੈਕੁੰਠ ਤੇ ਬੈਕੁੰਠ-ਵਾਸ ਦਾ ਨਿਰਣਾ | ੪੬ |
| ੧੦. ਦਸਮ ਦੁਆਰ—ਸਚਖੰਡ ਆਨੰਦ | ੫੨ |
| ੧੧. ਸਾਧ ਸੰਗਤ—ਸਚਖੰਡ ਦਾ ਨਿਰਣਾ | ੬੦ |
| ੧੨. ਸਚਖੰਡ ਕੀ ਹੈ ? ਦਰਸ਼ਨ ਖੰਡ ਹੈ ! | ੬੯ |
| – ਜ਼ਰੂਰੀ ਨੋਟ | ੭੫ |


 www.sikhbookclub.com

# ਸਚਖੰਡ

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥

[ਜਪੁਜੀ ਸਾਹਿਬ, ਪਉੜੀ ੩੭


www.sikhbookclub.com

# ਉਥਾਨਕਾ

ਪੁਸਤਕ "ਅਨਹਦ ਸ਼ਬਦ-ਦਸਮ ਦੁਆਰ" ਦੀ ਉਥਾਨਕਾ ਵਿਚ ਇਹ ਗੱਲ ਖੋਲ੍ਹ ਕੇ ਦਸੀ ਗਈ ਹੈ ਕਿ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਗੁਰਮਤਿ ਵਿਚਾਰ ਦੇ ਸਿਲਸਿਲੇ ਵਿਚ ਪੰਜ ਛੇ ਸਾਲ ਤੋਂ ਇਹ ਵਿਸ਼ੇ ਵਿਚਾਰ ਗੋਚਰੇ ਆਉਂਦੇ ਰਹੇ :

੧. ਗੁਰਮਿਤ ਵਿਚ ਅਨਹਦ ਸ਼ਬਦ ਤੇ ਦਸਮ ਦੁਆਰ ਕਿਸ ਤਰ੍ਹਾਂ ਦਾ ਮੰਨਿਆ ਹੈ ? ਤੇ ਇਸ ਦੀ ਜੋਗ ਮਤ ਦੇ ਅਨਹਦ ਸ਼ਬਦ ਤੇ ਦਸਮ ਦੁਆਰ ਨਾਲੋਂ ਕੀ ਵਿਲੱਖਣਤਾ ਹੈ ?

੨. ਜਪੁਜੀ ਸਾਹਿਬ ਵਿਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ, ਪੰਜਾਂ ਖੰਡਾਂ ਦਾ ਵਰਨਣ ਹੈ। ਕੀ ਇਹ ਮੰਡਲ ਵਾਸਤਵੀ ਹਨ ਯਾ ਕਿ ਅਵਸਥਾਆਂ ਦੇ ਨਾਮ ਹਨ। ਜੈਸਾ ਕਿ ਕਈ ਵਿਦਵਾਨਾਂ ਨੇ ਇਹਨਾਂ ਨੂੰ ਅਨਭਵੀ ਅਵਸਥਾਆਂ ਹੀ ਮੰਨਿਆ ਹੈ।

੩. ਕੀ ਨਰਕ ਸੁਰਗ ਵਾਸਤਵ ਵਿਚ ਕੋਈ ਟਿਕਾਣੇ ਇਸ ਦੁਨੀਆਂ ਤੋਂ ਵਖਰੇ ਹਨ ? ਯਾ ਏਸ ਸੰਸਾਰ ਵਿਚ ਹੀ ਦੁਖੀ ਸੁਖੀ ਹੋਣ ਦਾ ਨਾਮ ਨਰਕ ਸੁਰਗ ਭੋਗਣਾ ਹੈ।

੪. ਕਰਮ ਫ਼ਿਲਾਸਫ਼ੀ ਦਾ ਨਿਰਨਾ ਹੋਣਾ ਲੋੜੀਏ ਕਿ ਇਨਸਾਨ ਨੂੰ ਕਰਮਾਂ ਦੇ ਕਰਨ ਵਿਚ ਕਿਥੋਂ ਤਕ ਸੁਤੰਤਰਤਾ ਹੈ ? ਉਹ ਕਰਮਾਂ ਦੇ ਫਲ ਭੁਗਤਣ ਲਈ ਕਿਥੋਂ ਤਕ ਜ਼ਿਮੇਵਾਰ ਹੈ ? ਕਰਮਾਂ ਨਾਲ ਕਿਰਪਾ ਦਾ ਕਿਥੋਂ ਤਕ ਸੰਬੰਧ ਹੈ ? ਗੁਰਬਾਣੀ ਵਿਚ ਦੋ ਪ੍ਰਕਾਰ ਦੇ ਸ਼ਬਦ ਆਉਂਦੇ ਹਨ, ਇਨ੍ਹਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸਭ ਕੁਝ ਵਾਹਿਗੁਰੂ ਦੇ ਵਸ ਹੈ, ਮਨੁਖ ਕੁਝ ਨਹੀਂ। ਦੂਜੇ ਇਸ ਭਾਵ ਦੇ ਗੁਰਵਾਕ ਹਨ ਕਿ ਜੀਵ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਫਲ ਪ੍ਰਾਪਤ ਹੁੰਦਾ ਹੈ, ਪਰ ਪ੍ਰਮਾਰਥ-ਸਿਧੀ ਲਈ ਵਾਹਿਗੁਰੂ ਦੀ ਨਦਰ ਮਿਹਰ ਹੋਣੀ ਲਾਜ਼ਮੀ ਹੈ।

ਏਹਨਾਂ ਚੌਹਾਂ ਮਸਲਿਆਂ ਵਿਚੋਂ ਅਨਹਦ ਸ਼ਬਦ ਦਸਮ ਦੁਆਰ ਦੇ ਨਿਰਣੇ ਸੰਬੰਧੀ ਪਿਛਲੇ ਅਪਰੈਲ ੧੯੪੧ ਦੇ ਮਹੀਨੇ ਵਿਚ 'ਅਨਹਦ ਸ਼ਬਦ-ਦਸਮ ਦੁਆਰ' ਪੁਸਤਕ ਛਪ ਕੇ ਪ੍ਰਕਾਸ਼ਤ ਹੋ ਗਈ ਹੈ। ਪੰਜਾਂ ਖੰਡਾਂ ਦੇ ਨਿਰਣੇ ਸੰਬੰਧੀ ਇਹ 'ਸਚਖੰਡ ਦਰਸ਼ਨ' ਨਾਮੇ ਪੁਸਤਕ ਪਾਠਕਾਂ ਦੇ ਸਾਹਮਣੇ ਹੈ।


www.sikhbookclub.com

ਇਹ ਪੁਸਤਕ 'ਸਚਖੰਡ ਦਰਸ਼ਨ' ਭਾਈ ਸਾਹਿਬ ਜੀ ਨੇ ੧੯੪੦ ਦੀਆਂ ਗਰਮੀਆ ਵਿਚ ਸ਼ਿਮਲੇ ਦੀਆਂ ਪਹਾੜੀਆਂ ਵਿਚ ਸੋਲਨ ਬਸਤੀ ਦੇ ਲਾਗੇ ਸਪਰੂਨ ਪਿੰਡ ਦੇ ਪਾਸ ਦੇਹੂੰਘਾਟ ਨਾਮੇ ਅਸਥਾਨ ਪਰ ਬੈਠ ਕੇ ਲਿਖੀ ਤੇ ੧੨, ੧੩, ੧੪, ੧੫ ਅਗਸਤ ੧੯੪੧ ਨੂੰ ਕੁਮਾਰ ਹੱਟੀ (ਸ਼ਿਮਲਾ ਹਿਲਜ਼) ਦੇ ਮੁਕਾਮ ਪਰ ਬੈਠ ਕੇ ਇਸ ਨੂੰ ਮੁੜ ਸੋਧ ਕੇ ਮੁਕੰਮਲ ਕੀਤਾ। ਇਸ ਦੀ ਸੁਧਾਈ ਹੋਣ ਪਰ ਹੀ ਦਾਸ ਨੇ ਇਹ ਉਥਾਨਕਾ ਉਥੇ ਬੈਠ ਕੇ ਹੀ ਲਿਖੀ।

ਇਸ ਪੁਸਤਕ ਵਿਚ ਪੰਜਾਂ ਖੰਡਾਂ ਦਾ ਗੁਰਬਾਣੀ ਦੀ ਰੌਸ਼ਨੀ ਅੰਦਰ ਰਸ-ਪੂਰਤ ਭਾਵ ਵਿਚ ਨਿਰਣਾ ਕੀਤਾ ਗਿਆ ਹੈ। ਤਜਰਬੇ ਵਿਚ ਜ਼ਹੂਰ ਪਜ਼ੀਰ ਹੋਏ ਨਜ਼ਾਰਿਆਂ ਨੂੰ ਗੁਰਮਤਿ ਦੀ ਹੱਦ ਅੰਦਰ ਰਹਿ ਕੇ ਐਸਾ ਗੁੰਫਤ ਕੀਤਾ ਹੈ ਕਿ ਕੋਈ ਗੱਲ ਭੀ ਗੁਰਬਾਣੀ ਤੋਂ ਬਾਹਰ ਦੀ ਨਹੀਂ ਦਸੀ।

ਨਿਰਣਾ ਕੀਤਾ ਭੀ ਹੈ, ਦਿੱਬ ਲਤੀਫ਼ ਨਜ਼ਾਰੇ ਦਸੇ ਭੀ ਹਨ, ਪਰ ਫੇਰ ਭੀ ਖੁਲ੍ਹ ਖੇਡ ਨਹੀਂ ਵਰਤਾਈ। ਕਿਉਂਕਿ ਸ੍ਰੀ ਮਾਨ ਭਾਈ ਸਾਹਿਬ ਜੀ ਇਹਨਾਂ ਰੂਹਾਨੀ ਚਮਤਕਾਰਿਆਂ ਨੂੰ ਆਮ ਖੁਲ੍ਹੀ ਖੇਡ ਬਣਾਉਣਾ ਅਨੁਚਿਤ ਸਮਝਦੇ ਹਨ। ਇਸੇ ਲਈ ਜਿਥੇ ਦਿਬ ਮੰਡਲਾਂ ਪੰਜਾਂ ਖੰਡਾਂ ਦੇ ਨਜ਼ਾਰੇ ਪਸਾਰੇ ਪ੍ਰੇਮਾ ਭਾਵ ਵਿਚ ਰਸ-ਲੀਨ ਹੋ ਕੇ ਬਿਆਨ ਕੀਤੇ ਹਨ, ਉਥੇ ਅਨੂਠਾ ਸੰਕੋਚ ਭੀ ਰਖਿਆ ਹੈ। ਸਚਮੁਚ ਇਹ ਪੁਸਤਕ ਪੰਜਾਂ ਖੰਡਾਂ ਦੀ ਵਿਆਖਿਆ ਬਾਰੇ ਅਦੁੱਤੀ ਤੇ ਪਹਿਲੀ ਸੁਗਾਤ ਹੈ। ਅਜ ਤਕ ਇਸ ਪ੍ਰਕਰਣ ਨੂੰ ਇਉਂ ਖੋਲ੍ਹ ਕੇ ਕਿਸੇ ਨੇ ਭੀ ਨਿਰਣਾ ਨਹੀਂ ਕੀਤਾ। ਫੇਰ ਇਹ ਪੁਸਤਕ ਗੁਰਸਿਖਾਂ, ਆਤਮਕ ਰਸ ਦੇ ਮੁਤਲਾਸ਼ੀਆਂ, ਪੰਜਾਂ ਖੰਡਾਂ ਦੀ ਗਯਾਤ ਹਾਸਲ ਕਰਨ ਦੇ ਚਾਹਵਾਨਾਂ ਤੇ ਪਹੁੰਚ ਦੇ ਅਭਿਲਾਖੀਆਂ ਲਈ ਅਤਿਅੰਤ ਹੀ ਲਾਭਦਾਇਕ ਹੈ। ਆਸ਼ਾ ਹੈ ਕਿ ਇਸ ਤੋਂ ਬਹੁਤਿਆਂ ਨੂੰ ਲਾਭ ਪੁਜੇਗਾ ਤੇ ਅਨੇਕਾਂ ਦੇ ਸ਼ੰਕੇ ਦੂਰ ਹੋਣਗੇ।

ਪਾਠਕਾਂ ਨੂੰ ਇਕ ਨਜ਼ਰ ਵਿਚ ਜਾਨਣ ਲਈ ਕਿ ਪੁਸਤਕ ਵਿਚ ਕੀ ਕੁਝ ਦਸਿਆ ਹੈ, ਪੁਸਤਕ ਦਾ ਖੁਲਾਸਾ ਭਾਵ ਹੇਠ ਦਿਤਾ ਜਾਂਦਾ ਹੈ :

ਜਪੁ ਜੀ ਸਾਹਿਬ ਵਿਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ ਪ੍ਰਥਾਇ ੩੪ ਤੋਂ ੩੭ ਤਕ ਜੋ ਪਉੜੀਆਂ ਹਨ, ਉਹਨਾਂ ਦੀ ਵਿਆਖਿਆ ਕਰ ਕੇ ਫੇਰ ਸਚ ਖੰਡ ਪ੍ਰਥਾਇ ਜੋ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਈ ਗੁਰਦਾਸ ਜੀ ਦੇ ਹਨ, ਉਹਨਾਂ ਦੀ ਵਿਆਖਿਆ ਕੀਤੀ ਹੈ। ਜਿਨ੍ਹਾਂ ਦੁਆਰਾ ਏਹਨਾਂ ਪੰਜਾਂ ਖੰਡਾਂ ਤੇ ਖ਼ਾਸ ਕਰ ਸਚਖੰਡ ਦੀ ਅਲੌਕਿਕ ਮਾਹੌਅਤ ਦਸਦਿਆਂ ਤਿਥੇ ਵਸਣਹਾਰਿਆਂ ਭਗਤ ਜਨਾਂ ਦੀ ਉਚ ਮੰਡਲੀ ਅਵਸਥਾ ਦਾ ਹਾਲ ਭੀ ਦਸਿਆ ਹੈ। ਅਸਲ ਰਸ ਪੁਸਤਕ ਨੂੰ ਪੜ੍ਹਿਆਂ ਹੀ ਪ੍ਰਾਪਤ ਹੁੰਦਾ ਹੈ। ਖੁਲਾਸਾ ਭਾਵ ਤੋਂ ਅਸਲ ਰਸ ਤੇ ਰੰਗ ਨਹੀਂ ਬਝਦਾ।

 www.sikhbookclub.com

**੧. ਧਰਮ ਖੰਡ**—ਇਸ ਬਾਰੇ ਦਸਿਆ ਹੈ ਕਿ ਇਹ ਇਕ ਦਿਬ ਧਰਤੀ ਜਗਤ-ਜੀਵਾਂ ਤੇ ਹੋਰ ਅਨੇਕ ਅਨੰਤ ਬ੍ਰਹਿਮੰਡਾਂ ਦੇ ਜੀਵਾਂ ਲਈ ਧਰਮਸਾਲ ਹੈ, ਜਿਥੇ ਧਰਮ ਰਾਏ ਤਿਨ੍ਹਾਂ ਦੇ ਮਰਨ ਪ੍ਰਯੰਤ ਪਹੁੰਚਣ ਪਰ ਉਹਨਾਂ ਦੇ ਕਰਮਾਂ ਦਾ ਲੇਖਾ ਕਰ ਕੇ ਨਿਆਉਂ ਕਰਦਾ ਤੇ ਉਨ੍ਹਾਂ ਨੂੰ ਪੁੰਨ ਪਾਪ ਦਾ ਫਲ ਭੁਗਤਾਉਂਦਾ ਹੈ। ਪੁਗ ਖਲੋਤੇ ਨਾਮ-ਅਧਾਰੀ ਭਗਤ ਸੰਤ ਜਨ ਏਥੋਂ ਸੁਰਖਰੋਈ ਹਾਸਲ ਕਰ ਕੇ ਆਪਣੇ ਆਪਣੇ ਮਾਨ ਮਹੱਤ ਅਨੁਸਾਰ ਉਪਰਲੇ ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚਖੰਡ ਮੰਡਲਾਂ ਵਿਚ ਪ੍ਰਵੇਸ਼ ਕਰਦੇ ਹਨ ਤੇ ਬਾਕੀ ਆਪਣੇ ਆਪਣੇ ਕਰਮਾਂ ਅਨੁਸਾਰ ਸੁਰਗ ਨਰਕ ਤੇ ਹੋਰ ਜੂਨਾਂ ਵਿਚ ਜਾਂਦੇ ਹਨ।

**੨. ਗਿਆਨ ਖੰਡ**—ਇਸ ਖੰਡ ਵਿਚ ਗਇਆਂ ਅਕਾਲ ਪੁਰਖ ਦੀ ਬੇਅੰਤ ਰਚਨਾ ਦਾ ਉਘਾੜ ਭਗਤ ਜਨਾਂ ਦੇ ਸਾਹਮਣੇ ਆਸ਼ਕਾਰਾ ਹੋ ਜਾਂਦਾ ਹੈ ਤੇ ਇਹ ਖੰਡ ਵਾਹਿਗੁਰੂ ਦੀ ਨਾਨਾ ਪ੍ਰਕਾਰੀ ਬੇਅੰਤ ਰਚਨਾ ਦੇ ਉਪਰ ਚਾਦਰ ਨਿਆਈਂ ਫੈਲਿਆ ਹੋਇਆ ਹੈ। ਸਭ ਰਚਨਾ ਇਸ ਦੇ ਵਿਚ ਢਕੀ ਹੋਈ ਤੇ ਇਸ ਦੇ ਅੰਤਰਗਤਿ ਹੈ।

**੩. ਸਰਮ ਖੰਡ**– ਏਥੇ ਦਿੱਬ ਰੂਪ (ਸੁੰਦਰਤਾ) ਦੀ ਪ੍ਰਧਾਨਤਾ ਹੈ। ਏਥੇ ਪੁਜੇ ਭਗਤ ਜਨਾਂ ਦੀ ਸੁਰਤ ਤੇ ਅੰਤਸ਼ਕਰਣ ਦੀ ਨਵੀਂ ਦਿੱਬ ਘਾੜਤ ਘੜੀ ਜਾਂਦੀ ਹੈ ਤੇ ਭਗਤ ਜਨਾਂ ਦੀਆਂ ਰੂਹਾਂ ਰੱਬੀ ਨੂਰ ਨਾਲ ਨੂਰੋ ਨੂਰ ਹੋ ਜਾਂਦੀਆਂ ਹਨ।

**੪. ਕਰਮ ਖੰਡ**—ਏਸ ਖੰਡ ਵਿਚ ਭਗਤ ਜਨ ਅਕਾਲ ਪੁਰਖ ਦੀ ਮਹਿਮਾ ਵਿਚ ਸੀਤੇ ਪ੍ਰੋਤੇ ਹੋਏ ਰਹਿੰਦੇ ਹਨ। ਤੇ ਏਸ ਖੰਡ ਵਿਚ ਅਕਾਲਪੁਰਖ ਦੀ ਜੋਤ ਦਾ ਤੇਜ (ਜੋਰ) ਹੀ ਪ੍ਰਧਾਨ ਹੈ। ਤਿਥੇ ਵਾਹਿਗੁਰੂ ਰੰਗ-ਰਤੇ ਭਗਤ ਜਨਾਂ ਦੀ ਹੀ ਸਮਾਈ ਹੁੰਦੀ ਹੈ ਤੇ ਓਹੋ ਹੀ ਅਕਾਲੀ ਜੋਤ ਤੇਜ ਦੇ ਅਤਿਸੈ ਕਰਕੇ ਤੇਜ-ਮਈ ਝਲਕਾਰ ਨੂੰ ਦੇਖ, ਜਰ ਤੇ ਸਹਾਰ ਸਕਦੇ ਹਨ। ਇਸੇ ਕਰਕੇ ਉਹ ਜੋਧੇ ਮਹਾਂ ਬਲੀ ਸੂਰਮੇ ਹਨ। ਕਰਮ ਖੰਡ ਸਚਖੰਡ ਦੇ ਦਰਵਾਜ਼ੇ ਦੇ ਸਾਹਮਣੇ ਹੀ ਹੈ। ਏਥੇ ਉਹਨਾਂ ਨੂੰ ਸਚਖੰਡ ਬਿਰਾਜਮਾਨ ਅਕਾਲ ਪੁਰਖ ਦੇ ਖੁਲ੍ਹੇ ਦਰਸ ਝਲਕਾਰ ਹੁੰਦੇ ਹਨ।

**੫. ਸਚ ਖੰਡ**—ਇਹ ਸਭ ਤੋਂ ਸ੍ਰੇਸ਼ਟ ਸਰਬੋਤਮ ਸਚਾ ਖੰਡ ਵਾਹਿਗੁਰੂ ਅਕਾਲ ਪੁਰਖ ਦੇ ਨਿਵਾਸ ਦਾ ਖੰਡ ਹੈ। ਬਾਕੀ ਚਾਰੇ ਖੰਡ ਤੇ ਹੋਰ ਨਾਨਾ ਪ੍ਰਕਾਰੀ ਖੰਡ ਮੰਡਲ ਬ੍ਰਹਿਮੰਡ ਇਸੇ ਦੇ ਆਧਾਰ ਅਧਾਰੇ ਤੇ ਏਸੇ ਦੇ ਅੰਤਰਗਤਿ ਹਨ। ਤਿਥੇ ਅਕਾਲ ਪੁਰਖ ਆਪਣੇ ਸਚੇ ਤੇ ਅਬਿਚਲ ਤਖਤ ਪਰ ਬਿਰਾਜਮਾਨ ਹੋ ਕੇ ਆਪਣੀ ਬੇਅੰਤ ਰਚਨਾ ਤੇ "ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੂ

ਨ ਜਾਵਏ ॥...ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ"* ਦੇ ਗੁਰਵਾਕ ਅਨੁਸਾਰ ਅਬਿਚਲ, ਨਿਸਪਾਪ ਤੇ ਨਿਹਕੰਟਕ ਰਾਜ ਭੋਗਦਾ ਹੈ। ਆਪਣੀ ਸਾਜੀ ਕਾਇਨਾਤ ਤੇ ਭਗਤ ਜਨਾਂ ਨੂੰ ਵੇਖ ਵੇਖ ਪ੍ਰਸੰਨ ਹੁੰਦਾ ਹੈ ਤੇ ਆਪਣੇ ਪਿਆਰਿਆਂ ਪਰ ਨਦਰੀ ਨਦਰ ਨਿਹਾਲ ਦਾ ਵਰਤਾਰਾ ਵਰਤਾਉਂਦਾ ਹੈ।

ਤਿਸ ਸਚ ਖੰਡ ਦਾ ਪਾਰਾਵਾਰ ਤੇ ਅੰਤ ਨਹੀਂ। ਏਹਨਾਂ ਖੰਡਾਂ ਤੇ ਖਾਸ ਕਰ ਸਚਖੰਡ ਦਾ ਕਥਨ ਕਰੜਾ ਲੋਹੇ ਦੇ ਚੱਬਣ ਸਮਾਨ ਅਸੰਭਵ ਹੈ। ਏਸ ਖੰਡ ਵਿਚ ਵਸਣਹਾਰੇ ਭਗਤ ਜਨਾਂ ਨੂੰ ਪੂਰਨ ਸ਼ਾਦੀ ਤੇ ਆਜ਼ਾਦੀ ਪ੍ਰਾਪਤ ਹੈ। ਤਿਥੇ ਅਨਹਦ ਸ਼ਬਦ ਨਾਦ ਤੇ ਸਿਫਤ ਸਾਲਾਹ ਦਾ ਅਹਿਲਾਦ ਤੇ ਕੁਲਾਹਲ ਸਦਾ ਇਕ-ਰਸ ਰਹਿੰਦਾ ਹੈ। ਜਿਸ ਨਜ਼ਾਰੇ ਨੂੰ "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ"** ਹੈ। ਇਹ ਪੰਜੇ ਖੰਡ:ਦਿੱਬ ਮੰਡਲ ਬੜੀ ਦੂਰ ਹਨ, ਪਰ ਏਥੇ ਸਰੀਰ ਵਿਚ ਹੁੰਦਿਆਂ ਭੀ ਬਹੁਤ ਛੇਤੀ ਪਹੁੰਚ ਸਕੀਦਾ ਹੈ ਤੇ ਸਰੀਰ ਤਿਆਗਣ ਪਰ ਤਾਂ ਪਹੁੰਚਣਾ ਹੀ ਹੋਇਆ।

ਇਸੇ ਤਰ੍ਹਾਂ ਭਾਈ ਸਾਹਿਬ ਜੀ ਨਰਕ ਸੁਰਗ ਨੂੰ ਭੀ ਵਖਰੇ ਟਿਕਾਣੇ ਮੰਨਦੇ ਹਨ ਤੇ ਕਹਿੰਦੇ ਹਨ ਕਿ ਨਰਕ ਸੁਰਗ ਦੇ ਫਲ ਭੁਗਤਣ ਪਿਛੋਂ ਫੇਰ ਜਨਮ ਲੈਣਾ ਪੈਂਦਾ ਹੈ।

ਏਸ ਪੁਸਤਕ ਵਿਚ ਭਾਵੇਂ ਪੰਜਾਂ ਖੰਡਾਂ ਦਾ ਨਿਰਣਾ ਹੈ, ਪਰ ਇਸ ਦਾ ਨਾਮ '**ਸਚਖੰਡ ਦਰਸ਼ਨ**' ਰਖਣਾ ਹੀ ਯੋਗ ਪ੍ਰਤੀਤ ਹੋਇਆ ਹੈ, ਕਿਉਂਕਿ ਇਕ ਤਾਂ ਬਾਕੀ ਕੁਲ ਬੇਅੰਤ ਰਚਨਾ 'ਤੇ ਚਾਰੇ ਖੰਡ ਇਸੇ ਖੰਡ ਦੇ ਅੰਤਰਗਤਿ ਹਨ। ਦੂਸਰੇ ਇਸ ਵਿਚ ਸਚਖੰਡ ਦਾ ਵਿਸ਼ੇਸ਼ ਵਰਨਣ ਹੈ। ਤੀਸਰੇ ਇਸ ਪੁਸਤਕ ਦੇ ੧੨ਵੇਂ ਅੰਕ ਵਿਚ "ਸਚਖੰਡ ਕੀ ਹੈ? ਦਰਸ਼ਨ ਖੰਡ,ਅਪ੍ਰੋਕਸ਼ ਦਰਸ਼ਨ ਖੰਡ ਹੈ" ਆਇਆ ਹੈ। ਇਸ ਲਈ ਇਸ ਪੁਸਤਕ ਦਾ ਨਾਮ '**ਸਚਖੰਡ ਦਰਸ਼ਨ**' ਹੀ ਫਬਦਾ ਹੈ।

ਇਸ ਪੁਸਤਕ ਵਿਚ ਕੁਲ ੧੨ ਸਿਰਲੇਖ (ਅੰਕ) ਹਨ, ਜਿਨ੍ਹਾਂ ਵਿਚੋਂ ਪਹਿਲੇ ਛੇਆਂ ਵਿਚ ਪੰਜਾ ਖੰਡਾਂ ਦਾ ਨਿਰਣਾ ਹੈ। ਸਤਵੇਂ ਅੰਕ ਵਿਚ ਦਸਿਆ ਹੈ ਕਿ ਅਕਾਲ ਪੁਰਖ ਸਚਖੰਡ ਵਸਦਾ ਹੋਇਆ ਭੀ ਸੂਰਜ ਦੇ ਦ੍ਰਿਸ਼ਟਾਂਤ ਵਾਂਗ ਸਰਬ ਵਿਆਪਕ ਹੈ। ਅਠਵੇਂ ਅੰਕ ਵਿਚ ਇਹ ਪ੍ਰਗਟ ਕੀਤਾ ਹੈ ਕਿ ਸਚਖੰਡ ਦਾ ਏਸ ਦੁਨੀਆ ਵਿਚ ਨਜ਼ਾਰਾ ਕਿਵੇਂ ਦੇਖ ਸਕੀਦਾ ਹੈ।

ਨੌਵੇਂ ਅੰਕ ਵਿਚ ਦਸਿਆ ਹੈ ਕਿ ਸੁਰਗ ਬੈਕੁੰਠਾਂ ਬਹਿਸ਼ਤਾਂ, ਸਚਖੰਡ

---

*ਵਡਹੰਸੁ ਮ: ੧, ਪੰਨਾ ੫੬੭

**ਸਲੋਕ ਕਬੀਰ ਜੀ,ਨੰਬਰ ੧੨੧, ਪੰਨਾ ੧੩੭੦

ਦੇ ਦਰਸ-ਪ੍ਰੇਮੀਆਂ ਨੂੰ ਨੀਵੀਆਂ ਹੀ ਰਹਿ ਜਾਂਦੀਆਂ ਹਨ। ਲੋਕ-ਉਕਤੀ ਬੈਕੁੰਠ ਤੇ ਸਚੇ ਬੈਕੁੰਠ ਸਚਖੰਡ ਦੋਹਾਂ ਦਾ ਫ਼ਰਕ ਦਸਿਆ ਹੈ। ਦਸਵੇਂ ਅੰਕ ਵਿਚ ਦਸਮ ਦੁਆਰ ਰਾਹੀਂ ਸਚਖੰਡ ਪ੍ਰਾਪਤੀ ਦੇ ਅਨੰਦ ਦੀ ਵਿਆਖਿਆ ਕੀਤੀ ਹੈ। ਗਿਆਰਵੇਂ ਅੰਕ ਵਿਚ ਬਿਆਨ ਕੀਤਾ ਹੈ ਕਿ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਸਾਧ ਸੰਗਤ ਨੂੰ ਕਿਉਂ ਸਚਖੰਡ ਕਿਹਾ ਹੈ, ਸਾਧ ਸੰਗਤ ਕਿਵੇਂ ਸਚਖੰਡ ਹੈ, ਗੁਰਦੁਆਰੇ ਕਿਵੇਂ ਸਚਖੰਡ ਦੀ ਸਦਰਸਤਾ ਰਖਦੇ ਹਨ ? ਬਾਹਰਵੇਂ ਅੰਕ ਵਿਚ ਸਚਖੰਡ ਦੀ ਛਬ ਤੇ ਉਥੇ ਦੇ ਦਰਸ਼ਨ ਦਾ ਅਨੰਦ ਅਤੇ ਉਥੇ ਵਸਣਹਾਰਿਆਂ ਦੀ ਅਵਸਥਾ ਦਾ ਗੁਰ-ਪ੍ਰਮਾਣਾਂ ਦੀ ਓਟ ਵਿਚ ਜ਼ਿਕਰ ਕੀਤਾ ਹੈ ਤੇ ਨਾਲ ਹੀ ਦਸਿਆ ਹੈ ਕਿ ਗੁਰੂ ਜਾਮੇ ਜਦੋਂ ਦੁਨੀਆ ਵਿਚੋਂ ਸਚਖੰਡ ਜਾ ਕੇ ਜੋਤੀ ਜੋਤਿ ਸਮਾਏ ਤਦ ਉਹ ਕਿਸ ਅਵਸਥਾ ਵਿਚ ਗਏ ਤੇ ਹੁਣ ਓਥੇ ਕਿਵੇਂ ਵਿਚਰ ਰਹੇ ਹਨ।

ਪਿਛੇ ਦਸੇ ਚੋਹਾਂ ਮਸਲਿਆਂ ਵਿਚੋਂ ਅਨਹਦ ਸ਼ਬਦ ਦਸਮ ਦੁਆਰ ਤੇ ਪੰਜਾਂ ਖੰਡਾਂ ਬਾਰੇ ਪੁਸਤਕਾਂ ਅੰਕਿਤ ਹੋ ਕੇ ਪ੍ਰਕਾਸ਼ਤ ਹੋ ਗਈਆਂ ਹਨ। ਹੁਣ ਸਮਾਂ ਛੇਤੀ ਆਵੇ ਕਿ ਸ੍ਰੀ ਮਾਨ ਭਾਈ ਸਾਹਿਬ ਜੀ ਪ੍ਰੇਰਿਤ ਹੋ ਕੇ 'ਨਰਕ ਸੁਰਗ' ਤੇ 'ਕਰਮ ਫ਼ਿਲਾਸਫ਼ੀ'* ਸੰਬੰਧੀ ਪੁਸਤਕਾਂ ਲਿਖਣ ਲਈ ਆਪਣੀ ਲੇਖਣੀ ਨੂੰ ਹਰਕਤ ਵਿਚ ਲਿਆਉਣ, ਤਾਂਕਿ ਇਹ ਮਸਲੇ ਭੀ ਗੁਰਪ੍ਰਮਾਣਾਂ ਸਹਿਤ ਹਲ ਹੋ ਜਾਣ।

ਨਾਹਰ ਸਿੰਘ ਗਜਾਲੀ
ਗੁਜਰਵਾਲ (ਲੁਧਿਆਣਾ)

ਕੁਮਾਰ ਹੱਟੀ
(ਸ਼ਿਮਲਾ ਹਿਲਜ਼)
ਸ਼ੁਕਰਵਾਰ
੧੫ ਅਗਸਤ ੧੯੪੧
(੩੧ ਸਾਵਨ ੧੯੯੮)

*ਨਰਕ ਸੁਰਗ ਆਦਿ ਬਾਰੇ 'ਅਣਡਿੱਠੀ ਦੁਨੀਆ' ਤੇ ਕਰਮਾਂ ਸੰਬੰਧੀ 'ਕਰਮ ਫਿਲਾਸਫੀ' ਦੋਵੇਂ ਪੁਸਤਕਾਂ ਛਪ ਚੁਕੀਆਂ ਹਨ। —ਸੰਪਾਦਕ

# ਪ੍ਰਮਾਰਥ-ਪਾਂਧੀ ਕੀ ਕਹਿੰਦੇ ਨੇ—

ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਦੀ ਛਪਾਈ ਦਾ ਸਿਲਸਿਲਾ ੧੯੩੬ ਤੋਂ ਸ਼ੁਰੂ ਹੋਇਆ। ਹੁਣ ਤਕ ਇਹਨਾਂ ਦੀ ਲੇਖਣੀ ਤੋਂ ਅੰਕਿਤ ਹੋਈਆਂ ਦੋ ਦਰਜਨ ਦੇ ਲਗਭਗ ਪੁਸਤਕਾਂ ਛਪ ਚੁਕੀਆਂ ਹਨ। ਹੋਰ ਵੀ ਛਪਣ ਵਾਲੀਆਂ ਹਨ। ਇਹਨਾਂ ਪੁਸਤਕਾਂ ਦਾ ਜੋ ਅਸਰ ਪ੍ਰਮਾਰਥ-ਪਾਂਧੀਆਂ ਤੇ ਹੋਇਆ ਹੈ, ਉਸ ਸੰਬੰਧੀ ਇਤਨਾ ਹੀ ਦਸਣਾ ਕਾਫ਼ੀ ਹੈ ਕਿ ਬਹੁਤਿਆਂ ਨੇ ਇਹਨਾਂ ਨੂੰ ਪੜ੍ਹ ਕੇ ਅੰਮ੍ਰਿਤ ਛਕਿਆ ਤੇ ਬਹੁਤਿਆਂ ਨੂੰ ਪ੍ਰਮਾਰਥ ਦੀ ਲਗਨ ਲਗੀ, ਅਨੇਕਾਂ ਦੇ ਸ਼ੰਕੇ ਦੂਰ ਹੋਏ। ਕਈ ਐਸੇ ਹਨ ਜੋ ਨਵੀਂ ਛਪਣ ਵਾਲੀ ਪੁਸਤਕ ਨੂੰ ਬੜੀ ਤਾਂਘ ਨਾਲ ਉਡੀਕਦੇ ਰਹਿੰਦੇ ਹਨ।

ਸੋ ਅਜਿਹੇ ਆਤਮ ਖੋਜੀ, ਆਕਾਸ਼ੀ ਬੰਦਿਆਂ ਦੇ ਇਹਨਾਂ ਪੁਸਤਕਾਂ ਸੰਬੰਧੀ ਜੋ ਪ੍ਰੇਮਾ-ਭਾਵ ਹਨ, ਉਹਨਾਂ ਦੀ ਵੰਨਗੀ ਇਕ ਪਿਛੇ ਜਿਹੇ ਆਈ ਚਿਠੀ ਦੁਆਰਾ ਅਗੇ ਦਿਤੇ ਹਨ।

ਇਹ ਪ੍ਰੇਮੀ ਸਜਣ ਕਾਨਪੁਰ ਤੋਂ ਉਰਦੂ ਵਿਚ ਲਿਖਦੇ ਹਨ, ਜਿਸਦਾ ਪੰਜਾਬੀ ਅਨੁਵਾਦ ਅਗੇ ਦਿਤਾ ਜਾਂਦਾ ਹੈ :

ਕਾਨਪੁਰ ਤੋਂ
੨੧-੧-੪੨

੧੯

ਸ੍ਰੀ ਮਾਨ ਭਾਈ ਸਾਹਿਬ ਭਾਈ ਨਾਹਰ ਸਿੰਘ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

ਖਾਲਸਾ ਜੀ ਦੇ ਅਰਦਾਸੇ ਵਿਚ ਜੋ ਇਹ ਲਫ਼ਜ਼ ਆਉਂਦੇ ਹਨ—'ਉਹਨਾਂ ਪਿਆਰਿਆਂ ਨੂੰ ਮੇਲੀਂ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ' ਉਪਰ ਲਿਖੇ ਲਫ਼ਜ਼ ਅਰਦਾਸੇ ਵਿਚ ਇਹ ਜੀਵ ਭੀ ਕਹਿੰਦਾ ਰਿਹਾ ਹੈ, ਭਾਵੇਂ ਇਸ ਦੇ ਅਸਲੀ ਭਾਵ ਨੂੰ ਨਹੀਂ ਸਮਝਦਾ ਸੀ, ਪਰ ਵਾਹਿਗੁਰੂ ਦੀ ਅਪਾਰ ਦਯਾ ਹੈ, ਜਿਸ ਦਾ ਬਿਆਨ ਏਥੇ ਨਹੀਂ ਹੋ ਸਕਦਾ ।

ਤਿੰਨ ਚਾਰ ਸਾਲ ਹੋਏ ਕਿ ਇਕ ਰਿਸ਼ਤੇਦਾਰ ਦੀ ਮਾਰਫ਼ਤ ਆਪ ਦੇ ਪ੍ਰੈਸ ਵਿਚ ਛਪੀ ਹੋਈ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ 'ਜੇਲ੍ਹ ਚਿਠੀਆਂ' ਨਾਮੇ ਪੁਸਤਕ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਨੂੰ ਪੜ੍ਹ ਕੇ ਇਸ ਕਲਮ ਦੀਆਂ ਲਿਖੀਆਂ, ਹੋਰ ਪੁਸਤਕਾਂ ਪੜ੍ਹਨ ਦਾ ਸ਼ੌਕ ਹੋਇਆ । ਇਸ ਤੋਂ ਪਿਛੋਂ ਜਦ ਕਦੇ ਕੋਈ ਰਿਸ਼ਤੇਦਾਰ ਸ੍ਰੀ ਅੰਮ੍ਰਿਤਸਰ ਜੀ ਗਿਆ ਤਾਂ ਉਹਨਾਂ ਦੀ ਮਾਰਫ਼ਤ ਹੋਰ ਕਿਤਾਬਾਂ ਭੀ ਮੰਗਾਈਆਂ ਸਨ । ਉਹਨਾਂ ਨੂੰ ਪੜ੍ਹਨ ਤੋਂ ਕੀ ਹਾਸਲ ਹੋਇਆ, ਉਹ ਤਾਂ ਮੈਨੂੰ ਲਿਖਣਾ ਨਹੀਂ ਆਉਂਦਾ, ਪਰ ਗੁਰਮਤਿ ਦੇ ਨਿਹਾਇਤ ਹੀ ਗੁਝੇ ਭੇਦਾਂ ਦੀ ਵਾਕਫ਼ੀਅਤ ਹੋਈ ਯਾ ਇਉਂ ਕਹਿਣਾ ਚਾਹੀਦਾ ਹੈ ਕਿ ਅੰਨ੍ਹੇਰੇ ਵਿਚ ਰੌਸ਼ਨੀ ਦੀ ਚਮਕ ਦਿਖਾਈ ਦਿਤੀ ।

ਧੰਨ ਉਹ ਸਤਿਗੁਰੂ ਹੈ, ਜੋ ਐਸੇ ਐਸੇ ਪਿਆਰੇ ਪੈਦਾ ਕਰਦਾ ਹੈ, ਜੋ ਏਸ ਜਲਦੀ ਹੋਈ ਧਰਤੀ ਪਰ ਸ਼ਾਂਤੀ ਤੇ ਪ੍ਰੇਮ ਦੇ ਹਾਸਲ ਕਰਨ ਦੇ ਅਸਲ ਉਪਾਉ "ਨਾਮ ਜਪ" ਨੂੰ ਘਰ ਘਰ ਪੁਚਾਉਣ ਦੇ ਸਭ ਤੋਂ ਉਤਮ ਕੰਮ ਨੂੰ ਹੀ ਜ਼ਿੰਦਗੀ ਦਾ ਅਸਲ ਮਨੋਰਥ ਸਮਝਦੇ ਹਨ । ਵਾਕਈ ਇਸ ਤੋਂ ਬਗ਼ੈਰ ਦੁਨੀਆ ਬਿਲਕੁਲ ਅੰਧੇਰਾ ਹੀ ਹੈ । ਮੈਂ ਆਪ ਨੂੰ ਦਿਲੋਂ ਵਧਾਈ ਦਿੰਦਾ ਹਾਂ ਅਤੇ ਵਾਹਿਗੁਰੂ ਪਾਸ ਅਰਦਾਸ ਕਰਦਾ ਹਾਂ ਕਿ ਉਹ ਆਪ ਨੂੰ ਏਸ ਨਿਹਾਇਤ ਜ਼ਰੂਰੀ ਤੇ ਪਵਿਤਰ ਕੰਮ ਵਿਚ ਹਰ ਤਰ੍ਹਾਂ ਕਾਮਯਾਬੀ ਬਖਸ਼ੇ । ਇਹ ਤਾਂ ਵਾਹਿਗੁਰੂ ਜੀ ਦਾ ਆਪਣਾ ਕੰਮ ਹੈ ਤੇ ਆਪਣੇ ਪਿਆਰਿਆਂ ਤੋਂ ਆਪ ਕਰਵਾਉਂਦਾ ਹੈ ।

ਅਜ ਕਲ ਦੁਨੀਆ ਵਿਚ ਚੌਹੀਂ ਪਾਸੀਂ ਅੰਧੇਰਾ ਹੀ ਅੰਧੇਰਾ ਹੈ । ਕਾਮਲ ਸਤਿਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਘਰ ਨੂੰ ਛਡ ਕੇ ਦੁਨੀਆ ਧੂੰਏਂ ਦੇ ਪਹਾੜ ਨਾਲ ਲਿਪਟ ਲਿਪਟ ਕੇ ਖੁਆਰ ਹੋ ਰਹੀ ਹੈ । ਏਥੋਂ ਤਕ ਕਿ ਸਿਖਾਂ ਦੇ ਬੜੇ ਬੜੇ ਲੀਡਰ ਤੇ ਅਖੌਤੀ ਗਿਆਨੀ ਭੀ ਇਸੇ ਵਹਿਣ ਵਿਚ ਵਹਿ ਰਹੇ ਹਨ । ਬੜੀ ਸ਼ੋਕਦਾਇਕ ਹਾਲਤ ਹੈ । ਮੈਨੂੰ ਹੋਰ ਭੀ ਕਈ ਇਕ ਸਿਖ ਲੀਡਰਾਂ ਦੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ, ਪਰ ਜੋ ਗੁਰਮਤਿ ਭਾਵ ਭਾਈ ਸਾਹਿਬ ਜੀ ਦੀਆਂ ਲਿਖਤ ਪੁਸਤਕਾਂ ਤੋਂ ਹਾਸਲ ਹੋਏ, ਉਹ ਹੋਰ ਕਿਸੇ ਵਿਚੋਂ ਨਹੀਂ ।...

ਰਿਵਰ ਸਾਈਡ ਪਾਵਰ ਹਾਊਸ,
ਨੰਗਲ

ਆਪ ਦਾ ਦਰਸ਼ਨ ਅਭਿਲਾਖੀ—
ਅਮੋਲਕ ਸਿੰਘ ਡਰਾਫ਼ਟਸਮੈਨ

ੴ ਵਾਹਿਗੁਰੂ ਜੀ ਕੀ ਫਤਹ ॥

# ਸਚਖੰਡ ਦਰਸ਼ਨ

ਇਸ ਦ੍ਰਿਸ਼ਟਮਾਨ ਅਥਾਹ ਆਕਾਸ਼ ਦੇ ਲਾਮੁਹੀਤ ਪੁਲਾੜ ਅੰਦਰਿ ਅਨੇਕਾਂ ਅਤੇ ਅਣਗਿਣਤ ਗੁਪਤ ਪ੍ਰਗਟ ਨਜ਼ਾਰੇ ਪਸਾਰੇ ਹਨ । ਸਥੂਲ ਦ੍ਰਿਸ਼ਟੀ ਨੂੰ ਦਿਸਣਹਾਰੇ ਤਾਰਾ-ਗਣੀ-ਗਣ ਸੂਰ ਨਖਿਅਤਰੀ ਖੰਡਾਂ ਬ੍ਰਹਿਮੰਡਾਂ ਦੀ ਬੇਅੰਤਤਾ ਦਾ ਪਾਰਾਵਾਰ ਆਉਣਾ ਹੀ ਅਤਿ ਕਠਨ ਹੈ । ਸਰਬ ਸ਼ਕਤੀਮਾਨ ਕਾਦਰ ਦੀ ਗੁਪਤ ਗੰਭੀਰੀ ਕੁਦਰਤ ਦੀ ਅਦ੍ਰਿਸ਼ਟ ਅਗੋਚਰ ਰਚਨਾ ਦਾ ਕਉਣ ਪਾਰ ਪਾ ਸਕਦਾ ਹੈ । ਏਹਨਾਂ ਸਥੂਲ ਅੱਖੀਆਂ ਦੇ ਦ੍ਰਿਸ਼ਟ-ਦਾਇਰੇ ਤੋਂ ਅਪਰੰਪਰ ਦਿਬ ਲਤੀਫ਼ੀ ਮੰਡਲਾਂ ਦੀ ਰਚਨਾ ਨੂੰ ਤਾਂ ਸੋਈ ਜਾਣ ਸਕਦੇ ਹਨ ਜਿਨ੍ਹਾਂ ਨੂੰ ਕਾਦਰ ਕਰਤੇ ਪੁਰਖ ਨੇ ਗੁਰ-ਨਦਰ ਨਦਰਾ ਕੇ ਦਿਬ ਦ੍ਰਿਸ਼ਟੇ ਲੋਇਣ, ਅੰਤਰਿ ਚਾਨਣੇ ਵਾਲੇ ਲੋਇਣ ਬਖਸ਼ੇ ਹਨ । ਸਾਇੰਸ ਵਿਦਿਆ ਦੇ ਅਕਲਈਆਂ ਨੂੰ ਤਾਂ ਏਹਨਾਂ ਦਿਸ ਰਹੇ ਤਾਰਿਆਂ, ਸਤਾਰਿਆਂ ਨਾਲ ਭਰਿਆ ਹੋਇਆ ਆਕਾਸ਼ ਪੁਲਾੜ ਭੀ ਸਾਰਾ ਨਹੀਂ ਦਿਸਦਾ, ਕੇਵਲ ਦਿਖ-ਹਦੇ ਦੀ ਗੋਲਾਕਾਰ ਰਚਨਾ ਦਾ ਸਥੂਲ ਦ੍ਰਿਸ਼ਟ ਝਾਉਲਾ ਮਸਾਂ ਉਥੇ ਤਕ ਹੀ ਪੈਂਦਾ ਹੈ ਜਿਥੇ ਤਾਈਂ ਕਿ ਇਹ ਧਰਤੀ ਤੇ ਅਸਮਾਨ ਦਿਸਣਹਾਰੀ ਜੜ ਤਾਈਂ ਮਿਲੇ ਹੋਏ ਜਾਪਦੇ ਹਨ । ਅੱਖੀਆਂ ਅਗੇ ਵੱਡੀ ਤੋਂ ਵੱਡੀ ਦੂਰਬੀਨ, ਖ਼ੁਰਦਬੀਨ ਲਾ ਕੇ ਦੇਖਿਆਂ ਭੀ ਦ੍ਰਿਸ਼ਟਮਾਨ ਆਕਾਸ਼ ਪੁਲਾੜ ਅੰਦਰਲੀ ਚਿਤ੍ਰਕਾਰੀ ਦਾ ਡੂੰਘ ਥਾਹ ਅਜ ਤਾਈਂ ਕਿਸੇ ਤੋਂ ਨਹੀਂ ਲੈ ਹੋਇਆ । ਸਾਇੰਸ ਦੀ ਡੂੰਘੀ ਤੋਂ ਡੂੰਘੀ ਵਿਦਿਆ ਦੀ ਪਹੁੰਚ ਕੇਵਲ ਈਥਰ ਪ੍ਰਮਾਣੂਆਂ ਅਤੇ ਰੇਡੀਓ ਰੇਆਂ (rays) ਤੇ ਇਲੈਕਟਰੋਨ ਤਾਈਂ ਹੀ ਗੰਮਤਾ ਕਰ ਸਕੀ ਹੈ । ਇਹ ਇਕ ਅਣਦਿਸਦੀ ਰਚਨਾ ਦਾ ਗੁਪਤੋਂ ਪ੍ਰਗਟ ਹੋਇਆ ਨੌ-ਈਜਾਦ ਭਾਰੀ ਕ੍ਰਿਸ਼ਮਾ ਗਿਣਿਆ ਜਾਂਦਾ ਹੈ । ਜਿਸ ਨੇ ਮਾਦਾ-ਪ੍ਰਸਤਾਂ ਦੇ ਇਸ

ਗੁਮਾਨ ਨੂੰ ਤੋੜ ਕੇ ਪਾਸ਼ ਪਾਸ਼ ਕਰ ਦਿਤਾ ਹੈ ਜੋ ਕਹਿਆ ਕਰਦੇ ਸਨ ਕਿ ਇਸ ਦ੍ਰਿਸ਼ਟਮਾਨ ਪਸਾਰੇ ਤੋਂ ਪਰੇ ਓਹਲੇ ਹੋਰ ਕੋਈ ਗੁਪਤ ਰਚਨਾ ਨਹੀਂ। ਪਰ ਏਹਨਾਂ ਰੇਡੀਓ ਰੋਈ ਸਾਇੰਸਦਾਨਾਂ ਨੂੰ ਭੀ ਅਜੇ ਕਰਤੇ ਪੁਰਖ ਦੀ ਅਗੰਮ ਅਗੋਚਰ ਰਚਨਾ ਦਾ ਐਵੇਂ ਰਿਸ਼ਮ ਮਾਤਰ ਰੁਮਕਾ ਹੀ ਹਾਸਲ ਹੋਇਆ ਹੈ, ਓਹ ਭੀ ਬੜਾ ਨਾ-ਮੁਕੰਮਲ। ਇਸ ਨਵੀਨ ਰੁਮਕੇ ਨੂੰ ਮੰਨ ਕੇ (ਐਕਨਾਲਜ ਕਰ ਕੇ) ਭੀ ਬਹੁਤ ਸਾਰੇ ਏਦੂੰ ਉਪਰਲੀ ਏਦੂੰ ਅਮੀਕ ਡੂੰਘਾਈਆਂ ਵਾਲੀ, ਅਗੰਮ ਅਗੋਚਰੀ ਰਚਨਾ ਦੀ ਅਨਿਕ ਪ੍ਰਕਾਰੀ ਦਿਬ ਚਿਤਰ ਬਚਿਤਰੀ ਰਚਨਾ ਦੀ ਹੋਂਦ (existence) ਤੋਂ ਆਕੀ ਹੋਏ ਬੈਠੇ ਹਨ।

੧

# ਪੰਜਾਂ ਖੰਡਾਂ ਦਾ ਨਿਰਣਾ

ਅਸਾਡੇ ਗੁਰੂ ਸਾਹਿਬਾਨ ਨੇ ਧੁਰੋਂ ਆਈ ਗੁਰਬਾਣੀ ਦਾ ਦਿੱਬ ਚਾਨਣਾ ਪਾ ਕੇ ਅਕਾਲ ਪੁਰਖ ਦੀ ਗੁਪਤ ਰਚਨਾ ਸੰਬੰਧੀ, ਆਪਣੇ ਧੁਰ ਅਗੰਮੀ ਖੇਡ ਨੂੰ ਪਹੁੰਚੇ ਹੋਏ ਦਿੱਬ ਦ੍ਰਿਸ਼ਟੇ ਦੀਦਿਆਂ ਦੀ ਉਹ ਚਸ਼ਮ ਦੀਦ ਸਾਖਾ ਭਰੀ ਹੈ ਜਿਸ ਨੂੰ ਗੁਰੂ-ਵੀਚਾਰ ਦੀ ਰੋਸ਼ਨੀ ਤਲੇ ਵੀਚਾਰ ਕੇ ਚਕ੍ਰਿਤ ਰਹਿ ਜਾਈਦਾ ਹੈ। ਪਰੰਤੂ ਜੋ ਕੁਛ ਭੀ ਅਸਾਡੇ ਸਰਬੱਗ ਸਤਿਗੁਰੂ ਸਾਹਿਬਾਨ ਨੇ ਗੁਰੂ ਬਾਣੀ ਦੁਆਰਾ ਵਰਨਣ ਕੀਤਾ, ਉਹ ਏਹਨਾਂ ਸੰਮਰੱਥ ਸਾਹਿਬਾਨ ਦਾ ਅਖੀਂ ਪੇਖਿਆ, ਧੁਰ ਦ੍ਰਿਸ਼ਟਿਆ ਸਾਖਸ਼ਾਤਕਾਰ ਕੀਤਾ ਤੁਜਰਬਾ ਹੈ। ਉਸ ਵਿਚ ਸਿਦਕਵਾਨਾਂ ਗੁਰਮੁਖਾਂ ਲਈ ਤਾਂ ਕਿੰਤੂ ਕਰਨ ਦੀ ਰੰਚਕ ਮਾਤਰ ਭੀ ਗੁੰਜਾਇਸ਼ ਨਹੀਂ, ਪਰੰਤੂ ਫਿਰ ਭੀ ਬਹੁਤ ਸਾਰੇ ਸਿਖ ਸਜਣ ਐਸੇ ਹਨ ਜੋ ਗੁਰਬਾਣੀ ਨੂੰ ਪੜ੍ਹ ਸੁਣ ਕੇ ਭੀ ਗੁਰਬਾਣੀ ਅੰਦਰ ਦਰਸਾਈ ਗੁਪਤ ਚਮਤਕਾਰੀ ਰਚਨਾਵਲੀ ਨੂੰ ਤੱਤ ਸਤਤਾ (fact) ਮੰਨਣੋ ਆਕੀ ਯਾ ਇਨਕਾਰੀ ਹਨ। ਸਿਰੀ ਜਪੁਜੀ ਸਾਹਿਬ ਦੀ ਬਾਣੀ ਅੰਦਰਿ ਨਿਰਣੈ ਕੀਤੇ ਪੰਜਾਂ ਖੰਡਾਂ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ) ਦੀ ਬਾਬਤ ਉਹਨਾਂ ਦੀ ਇਹ ਰਾਇ ਹੈ ਕਿ ਇਹ ਅਨਭਵੀ ਅਵਸਥਾਵਾਂ ਹਨ। ਇਸ ਤੋਂ ਉਹਨਾਂ ਦਾ ਭਾਵ ਇਹ ਹੈ ਕਿ ਇਹ ਖੰਡ ਕੇਵਲ ਅਨੁਭਵ ਦੀ ਰਚਨਾ ਹਨ। ਜੈਸੀ ਜੈਸੀ ਅਨਭਵ ਦੀ ਅਵਸਥਾ ਹੁੰਦੀ ਹੈ ਤੈਸੀ ਤੈਸੀ ਰਚਨਾ ਅਨਭਵ ਆਪੇ ਰਚ ਲੈਂਦਾ ਹੈ।

ਜੇ ਇਹ ਖੰਡ ਕੇਵਲ ਅਵਸਥਾਵਾਂ ਹੀ ਹਨ ਅਤੇ ਤੱਤ ਸੱਤਤਾ ਵਾਲੇ ਕੋਈ ਵਾਸਤਵੀ ਮੰਡਲ ਨਹੀਂ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਇਹ ਅਵਸ-ਥਾਵਾਂ ਕਿਸ ਅਨਭਵ ਦੀ ਰਚਨਾ ਹਨ ? ਜੇ ਕਹੋ ਵਿਦਵਾਨਾਂ ਅਥਵਾ ਵਿਦਿਅਕ ਗਿਆਨੀਆਂ ਦੀ ਅਨਭਵ ਰਚਨਾ ਦੀਆਂ ਇਹ ਅਵਸਥਾਵਾਂ ਹਨ, ਤਦ ਤੇ ਜਿਤਨੇ ਭੀ ਵਿਦਿਅਕ ਗਿਆਨੀ ਹਨ, ਤਿਤਨੀਆਂ ਹੀ ਤਿਨ੍ਹਾਂ ਦੀਆਂ ਅਵਸਥਾਵਾਂ ਹੋਣਗੀਆਂ, ਕਿਉਂਕਿ ਜਿਤਨੇ ਭੀ ਬੁਧੀਸ਼ਰ ਵਿਦਿਅਕ ਗਿਆਨੀ, ਤਿਤਨੇ ਹੀ ਤਿਨ੍ਹਾਂ ਦੇ ਅਨੁਭਵ। ਯਾ ਜਿਸ ਪ੍ਰਕਾਰ ਦੀ ਜਿਸ ਜਿਸ ਗਿਆਨ ਵਾਨ ਬੁਧੀਸ਼ਰ ਦੀ ਗਿਆਨ ਅਵਸਥਾ ਹੋਵੇਗੀ ਤਿਸ ਪ੍ਰਕਾਰ ਦਾ ਅਨਭਵੀ ਗਿਆਨ ਓਹ ਖੰਡ ਮੰਡਲਾਂ ਦਾ ਰਚ ਲਵੇਗਾ। ਤਾਂ ਤੇ ਜਿਤਨੀ ਭਾਂਤ ਦੇ ਅਨਭਵ ਗਿਆਨ, ਤਿਤਨੀ ਭਾਂਤ ਦੇ ਹੀ ਖੰਡਾਂ ਦੇ ਅਨਭਵ। ਇਸ ਬਿਧ ਅਨਭਵਾਂ ਅੰਦਰ ਰਚੀਆਂ ਅਵਸਥਾਵਾਂ ਦਾ ਹੀ ਭੇੜ ਮਚ ਜਾਊ। ਬਸ, ਇਹ

ਸੋ-ਕਾਲਡ (so called, ਅਖਾਉਤੀ) ਗਿਆਨੀਆਂ ਵਿਦਵਾਨਾਂ ਦਾ ਮਹਿਜ਼ ਆਪੋ ਆਪਣਾ ਅਨਭਵੀ ਅਨੁਮਾਨ ਰਚਨਾ ਖਿਲੌਣਾ (creation of fancy) ਹੀ ਬਣ ਜਾਊ। ਜਿਸ ਨੂੰ ਜਦ ਜੀਅ ਕਰੇ ਢਾਹ ਲਿਆ, ਜਦ ਜੀਅ ਕਰੇ ਉਸਾਰ ਲਿਆ, ਇਹ ਅਨੁਮਾਨ ਅਵਸਥਵੀ ਗਿਆਨਵਾਨ ਦੀ ਅਨਭਵੀ ਉਪੰਨੀ ਮਰਜ਼ੀ ਤੇ ਮੁਨਹਸਰ ਹੈ। ਐਸੇ ਖੰਡਾਂ ਦੇ ਧੁਰ ਕੀ ਆਦੀ ਬਾਣੀ ਅੰਦਰਿ ਨਿਰਣਤ ਕਰਨ ਦੀ ਗੁਰੂ ਸਾਹਿਬਾਨ ਨੂੰ ਕੀ ਲੋੜ ਸੀ ? ਜੇ ਕਹੋ ਕਿ ਇਹ ਖੰਡ ਗੁਰੂ ਸਾਹਿਬਾਨ ਦੀ ਅਨਭਵੀ ਅਵਸਥਾ ਦੀ ਰਚਨਾ ਹੈ। ਤਦ ਤਾਂ

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥
੪॥੨੫॥੩੬॥ [ਰਾਮਕਲੀ ਮ: ੫, ਪੰਨਾ ੮੯੩

ਦੇ ਗੁਰਵਾਕ ਅਨੁਸਾਰ ਮੁਦਿਮਾ ਆਪੇ ਹੀ ਹਲ ਹੋ ਗਿਆ ਅਤੇ ਸਾਫ਼ ਸਿਧ ਹੋ ਗਿਆ ਕਿ ਇਹ ਖੰਡ ਕੋਈ ਅਨਭਵੀ ਰਚਨਾ ਨਹੀਂ, ਬਲਕਿ ਗੁਰੂ ਸਾਹਿਬਾਨ ਦੀ ਸਚੀ ਸਾਕਸ਼ਾਤਕਾਰਤਾ ਭਰੀ ਸਾਖਾ (ਸ਼ਹਾਦਤ) ਅਨੁਸਾਰ ਗੁਰੂ ਸਰੂਪ ਸੰਤਾਂ (ਸਤ ਪੁਰਖਾਂ) ਦੇ ਆਪਣੇ ਅਖੀਂ ਦੇਖੇ ਤੱਤ ਸੱਤਤਾ ਦੀ ਹੋਂਦ ਵਾਲੇ ਖੰਡ ਮੰਡਲ ਹਨ ਅਤੇ ਇਨ੍ਹਾਂ ਦ੍ਰਿਸ਼ਟਮਾਨ ਖੰਡਾਂ ਬ੍ਰਹਿਮੰਡਾਂ ਦੀ ਸੱਤਤਾ ਨਾਲੋਂ ਪੰਜਾਂ ਖੰਡਾਂ ਦੀ ਸੱਤਤਾ ਅਬਿਚਲ ਪਾਇਦਾਰੀ ਵਾਲੀ ਹੈ। ਸਗੋਂ ਇਹ ਸਾਰੇ ਦ੍ਰਿਸ਼ਟਮਾਨ ਖੰਡ ਮੰਡਲ ਬ੍ਰਹਿਮੰਡ ਜੋ ਹਨ, ਸੋ ਪੰਜਾਂ ਖੰਡਾਂ, ਖ਼ਾਸ ਕਰ ਸਚਖੰਡ ਦੇ ਅਧਾਰ ਆਸਰੇ ਤੇ ਅੰਤਰਗਤਿ ਹੀ ਹਨ। ਇਹ ਖੰਡ ਦਿੱਬ ਮੰਡਲ ਹੀ ਹਨ। ਬੜੀ ਦੂਰ ਹਨ, ਪਰ ਇਨ੍ਹਾਂ ਮੰਡਲਾਂ ਵਿਚ ਇਸ ਸਰੀਰ ਵਿਚ ਹੁੰਦਿਆਂ ਭੀ ਸੂਖਮ ਸਰੀਰ ਸੰਯੁਕਤ ਗੁਰਮਤਿ ਨਾਮ ਅਭਿਆਸ ਦੀ ਬਰਕਤ ਨਾਲ ਬੜੀ ਛੇਤੀ ਪਹੁੰਚ ਜਾਈਦਾ ਹੈ। ਸਰੀਰ ਤਿਆਗਣ ਪਿਛੋਂ ਤਾਂ ਪਹੁੰਚਣਾ ਹੀ ਹੋਇਆ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਹਨਾਂ ਪੰਜਾਂ ਖੰਡਾਂ ਦਾ ਅਪ੍ਰੋਕਸ਼ ਗਿਆਨ ਉਸ ਉਚ ਅਵਸਥਾਵੀ ਜਗਿਆਸੂ ਨੂੰ ਪ੍ਰਾਪਤ ਹੁੰਦਾ ਹੈ ਜੋ ਤੱਤ ਗੁਰਮਤਿ ਗਿਆਨ ਦੀ ਸਹਿਜ ਅਵਸਥਾ ਵਾਲੀ ਪਦਵੀ ਉਤੇ ਪੁਗ ਖਲੋਤਾ ਹੋਵੇ। ਇਸ ਉਚ ਆਤਮਕ ਅਵਸਥਾ ਨੂੰ ਪੁਗ ਖਲੋਤਾ ਹੋਇਆ ਉਤਮ ਪ੍ਰਮਾਰਥ-ਪਾਂਧੀ ਹੀ ਪੰਜਾਂ ਖੰਡਾਂ ਨੂੰ ਤੱਤ ਵਾਸਤਵੀ ਸੱਤਤਾ ਦੀ ਹੋਂਦ (ਹਸਤੀ) ਵਿਚ ਲਖ ਸਕਦਾ (ਸਾਂਗੋਂ ਪਾਂਗ ਦੇਖ ਸਕਦਾ) ਹੈ। ਸਚੇ ਅਨਭਵ ਦਾ ਇਨਕਸ਼ਾਫ਼ ਇਹੀ ਹੈ। ਅਨੁਮਾਨਕ ਅਨਭਵ ਦੀ ਏਥੋਂ ਸਮਾਈ ਨਹੀਂ। ਅਨੁਮਾਨ ਅਨਭਵ ਵਾਲਿਆਂ ਦੀ ਅਨੁਮਾਨੀ ਅਵਸਥਾ ਹੀ ਹੁੰਦੀ ਹੈ। ਉਕਤ ਪੰਜਾਂ ਖੰਡਾਂ ਦੀ ਸਚੀ ਲਖਤਾ ਇਹਨਾਂ ਦਿੱਬ ਜੋਤੀਜਨੀ ਪੰਜਾਂ ਖੰਡਾਂ ਦੀ ਤੱਤ ਰੀਅਲਾਈਜ਼ੇਸ਼ਨ (realization) ਹੈ। ਤਿਥੇ ਅਪੜਨ ਨੂੰ "ਰੀਜ਼ਨ" (ਯੁਕਤੀ) ਅਤੇ "ਇਨਟੀ-ਊਸ਼ਨ" (intuition-ਅਨਭਵੀ ਗਿਆਨ) ਸਭ ਅਸਮਰੱਥ ਹਨ। ਗੁਰਮਤਿ

ਨਾਮ ਦੀ ਤੱਤ ਅਭਿਆਸ ਕਮਾਈ ਹੀ ਤਿਸ ਔਜ ਮੰਜਜ਼ਾਨੀ ਅਵਸਥਾ ਨੂੰ ਅਪੜਾਇ ਸਕਦੀ ਹੈ, ਪਰ ਇਹ ਅਵਸਥਾ ਨਿਰੀ ਅਵਸਥਾ ਹੀ ਨਹੀਂ, ਇਹ ਤਾਂ ਆਤਮ ਪਰਮਾਤਮ ਸਾਕਸ਼ਾਤਕਾਰਕ ਮੰਜ਼ਲ ਲਈ ਅੱਤ ਉੱਚਾ ਚਾਨਣ-ਮੁਨਾਰਾ ਹੈ, ਜਿਥੋਂ ਅੱਤ ਸੂਖਮ ਤੋਂ ਸੂਖਮ ਤਤਸਾਰਤਾ ਦੇ ਦਿੱਬ-ਦਰਸ਼ਨੀ ਨਜ਼ਾਰੇ ਅਨਿਕ-ਭਾਂਤਨੀ ਜੋਤਿ-ਜਲਵਨੀ ਪਸਾਰਿਆਂ ਵਿਚ ਦਿੱਬ ਦੀਪਤ ਹੋਇ ਦਿਖਾਈ ਦਿੰਦੇ ਹਨ। ਏਥੇ ਸੱਚਾ ਅਨਭਵ ਖੁਲ੍ਹਦਾ ਹੈ। ਇਹ ਗੱਲੀਂ ਘੋਖਿਆ ਅਨਭਵੀ ਗਿਆਨ ਨਹੀਂ। ਏਥੇ ਮਾਨਵੀ ਸਥੂਲਤਾ ਦੇ ਛਉੜ ਕਟੇ ਜਾਂਦੇ ਹਨ, ਤਦ ਇਸ ਤੱਤ ਅਵਸਥਾ ਦਾ ਉਘਾੜ ਹੁੰਦਾ ਹੈ, ਪਰ ਬੜੀਆਂ ਕਠਨ ਕਮਾਈਆਂ ਕਰਕੇ, ਅਰਥਾਤ ਗੁਰਮਤਿ ਦ੍ਰਿੜ੍ਹਾਏ, ਗੁਰਮਤਿ ਦਰਸਾਏ ਨਾਮ ਅਭਿਆਸ ਦੀਆਂ ਅਤੁਟ ਭਗਤਿ ਕਮਾਈਆਂ ਕਰਕੇ। ਜਿਥੇ

"ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥
ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥ਰਹਾਉ॥"*

ਗੁਰ-ਭਾਵ ਵਾਲੀ ਅਥਾਹ ਅਭਿਆਸ ਕਮਾਈ ਕਰਕੇ

"ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥੪॥"*

ਦੇ ਗੁਰਮਤਿ ਭਾਵ ਵਾਲੀ ਆਤਮ ਪਰਮਾਤਮ ਲਖਤਾ ਹੋਵੇ। ਅਤੇ

"ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥"*

ਵਾਲੀ ਸਮਦਰਸਤਾ ਅਤੇ

"ਗੁਰਮੁਖਿ ਜਾਇ ਮਿਲੇ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥

ਤੋਂ "ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥"* ਵਾਲੀ ਗੁਰਮਤਿ ਬਿਵਸਥਨੀ ਗੰਮਤਾ ਗਹਿ ਲਈ ਗਈ ਹੋਵੇ, ਓਥੇ ਹੀ ਪੰਜਾਂ ਖੰਡਾਂ ਦਾ ਸਾਕਸ਼ਾਤ ਗਿਆਨ ਹੋ ਸਕਦਾ ਹੈ। ਇਕਤ ਜੀਭ ਤੋਂ ਲਖ ਜੀਭਾਂ ਹੋ ਜਾਣ, ਲਖਾਂ ਤੋਂ ਭੀ ਕਈ ਲਖ ਹੋਰ ਵੀਹ ਗੁਣੀਆਂ ਲਖਾਂ ਜੀਭਾਂ ਹੋ ਜਾਣ, ਇਹਨਾਂ ਲਖਾਂ ਕ੍ਰੋੜਾਂ ਜੀਭਾਂ ਦੁਆਰਾ ਪਰਮ ਈਸ ਜਗਦੀਸ ਦੇ ਇਸ ਇਕੋ ਗੁਰਮਤਿ ਨਾਮ ਨੂੰ ਲਖ ਲਖ ਵਾਰ ਵਿਰਦ ਅਭਿਆਸ ਕਰਿ ਕਰਿ ਜਪਿਆ ਜਾਏ ਤਾਂ ਇਸ ਅਥਾਹ ਜਪ ਜਾਪ ਦੇ ਪ੍ਰਤਾਪ ਕਰਿ, ਪਤੀ ਪਰਮੇਸਰ ਦੀ ਪ੍ਰਾਪਤੀ ਦੀਆਂ ਪਉੜੀਆਂ, ਪਤਿ ਪਵੜੀਆਂ ਤੇ ਚੜ੍ਹੀਦਾ ਹੈ ਅਤੇ ਐਸਾ ਚੜ੍ਹੀਦਾ ਹੈ ਕਿ ਪਰਮੇਸ਼ਰ ਈਸ਼ਰ ਪਰਮਾਤਮਾ ਨਾਲ ਇਕ-ਮਿਕ ਹੋ ਜਾਈਦਾ ਹੈ। ਈਸ਼ਰ ਨਾਲ ਇਕਮਿਕਤਾ ਦੀ ਝਲਕਾਰ ਚਮਤਕਾਰਕ ਜਲਵਨੀ ਦਿੱਬ-ਦਰਸਤਾ ਹੋਇਆਂ ਸਾਰੀ

*ਕਾਨੜਾ ਅਸਟ: ਮ: ੪, ਪੰਨਾ ੧੩੦੯, ੧੩੧੦, ੧੩੦੮

ਹੀ ਰਚਨਾ ਦਾ ਉਘਾੜ ਇਸ ਪ੍ਰਕਾਰ ਹੋ ਜਾਂਦਾ ਹੈ ਮਾਨੋ ਇਕੋ ਨਜ਼ਰ ਫੇਰਿਆਂ ਸਾਰੇ ਗੁਪਤ ਪਰਗਟ ਨਜ਼ਾਰੇ ਸਾਂਗੋ ਪਾਂਗ ਸਨਮੁਖ ਹੋਇ ਦਿਖਾਈ ਦੇਣ ਲਗ ਜਾਂਦੇ ਹਨ। ਅਜਿਹੀਆਂ ਅਗੰਮੀ ਗੱਲਾਂ ਨੂੰ ਸੁਣ ਕੇ ਉਥੇ ਪੁਜ ਖਲੋਣ ਦੀ ਰੀਸ ਤਾਂ ਸਮਰੱਥਾ-ਹੀਣ ਕਮ-ਹੈਸੀਅਤਾਂ ਕੀੜਿਆਂ ਨੂੰ ਆ ਜਾਂਦੀ ਹੈ, ਪਰੰਤੂ ਇਹ ਸਮਰੱਥਾ ਵਾਲਾ ਪਦ ਨਦਰਿ-ਕਰੰਮੀ ਹੀ ਪਾਈਦਾ ਹੈ। ਹੋਰ ਅਨੁਮਾਨਕ ਅਨਭਵ-ਸ਼ਕਤੀ ਦੀਆਂ ਕੂੜਾਵੀਆਂ ਡੀਂਗਾਂ ਮਾਰਨ ਵਾਲਿਆਂ ਨੂੰ ਤਾਂ ਕੂੜਾਵੀਆਂ ਰੀਸਾਂ ਠੀਸਾਂ (ਗੱਪਾਂ) ਹੀ ਹਨ, ਯਥਾ ਗੁਰਵਾਕ :

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥

[ਪਉੜੀ ੩੨, ਜਪੁਜੀ ਸਾਹਿਬ

ਜਪੁਜੀ ਸਾਹਿਬ ਦੀ ਅਗਲੀ (ਤੇਤੀਵੀਂ) ਪਉੜੀ, ਪਿਛਲੀ ਪਉੜੀ ਵਿਖੇ ਨਿਰਣਤ ਹੋਈ ਨਦਰ-ਕਰੰਮੀ ਸਮਰੱਥਤਾ ਪ੍ਰਾਪਤੀ ਦੀ ਪ੍ਰੋੜ੍ਹਤਾ ਕਰਦੀ ਹੋਈ ਨਿਰੂਪਨ ਕਰਾਉਂਦੀ ਹੈ ਕਿ ਇਸ ਪਦ ਪ੍ਰਾਪਤ ਹੋਣ, ਅਰਥਾਤ—

"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ"

ਵਾਲਾ ਪਰਮ ਪਦ ਪ੍ਰਾਪਤ ਹੋਣ ਵਾਲੀ ਸ਼ਕਤ ਸਮਰਥਾ ਵਾਲਾ ਤੇਜ ਪਰਤਾਪੀ ਇਕਤਦਾਰ ਜ਼ੋਰ ਤਾਣ (Strergth, Power) ਆਖਣ ਮਾਤਰ ਨਾਲ (ਗੱਲਾਂ ਨਾਲ) ਬਹੁਤਾ ਖੁਰੜ ਗਿਆਨ ਘੋਟਣ ਨਾਲ ਨਸੀਬ ਨਹੀਂ ਹੁੰਦਾ। ਨਾ ਹੀ ਚੁਪ ਕੀਤਿਆਂ, ਮੋਨ ਧਾਰਿਆਂ, ਫੋਕੀ ਮੈਡੀਟੇਸ਼ਨ ਕੀਤਿਆਂ ਇਹ ਜ਼ੋਰ ਜ਼ੋਹਰੀ ਮਰਤਬਾ ਮਿਲਦਾ ਹੈ। ਨਾ ਹੀ ਫੋਕੀਆਂ ਬੇਬਦੀਆਂ ਮੰਗਣ ਮਈ ਲੇਲੜੀਆਂ ਕਢਦਿਆਂ ਇਹ ਜ਼ੋਰ ਤਾਣੁ ਤਵੱਜਲ ਹੁੰਦਾ ਹੈ। ਨਾ ਹੀ ਦਾਤੀਂ ਦਿਤਿਆਂ, ਦਾਨ ਪੁੰਨ ਕੀਤਿਆਂ ਇਹ ਸੱਚਾ ਤੇਜ ਸ਼ਕਤੀਸ਼ਰੀ ਜ਼ੋਰ ਉਦੇ ਹੋਇ ਆਵੰਦਾ ਹੈ (ਸਗੋਂ, ਦਾਤਾਰ ਬਣਨ ਦਾ ਅਹੰਕਾਰ ਹੀ ਵਧਦਾ ਹੈ)। ਨਾ ਹੀ ਬਹੁਤੀ ਜੀਵਣੀ ਕਰਿ, ਅਰਥਾਤ, ਬਹੁਤੀ ਲੰਮੀ ਆਰਜਾ (ਉਮਰ) ਵਧਣ ਕਰਿ ਏਹ ਤੱਤ ਪਰਮਾਰਥ ਸ਼ਕਤਾਣੀਆ ਆਤਮ ਬਲ (ਜ਼ੋਰ) ਉਤਪੰਨ ਹੁੰਦਾ ਹੈ। ਨਾ ਹੀ ਕਿਸੇ ਪ੍ਰਕਾਰੀ ਹਠ-ਕਰਮੀ ਮਰਨੀ ਮਰਿਆਂ ਇਹ ਆਤਮ-ਜਿਣਿ-ਜੁਗਤੀਆ ਸਚੀ ਬੀਰਤਾ ਵਾਲਾ ਜ਼ੋਰ ਬਲ ਜ਼ਹੂਰ ਪਜ਼ੀਰ ਹੁੰਦਾ ਹੈ। ਨਾ ਹੀ ਰਾਜ ਮਾਲ ਦਾ ਧਨੀ ਬਣ ਕੇ ਇਹ ਬਲ ਜ਼ੋਰ ਪ੍ਰਾਪਤ ਹੁੰਦਾ ਹੈ, ਸਗੋਂ ਮਾਲ ਜੋਰ ਦੇ ਜੋਰ ਨਾਲ ਜਰਵਾਣੀਏ ਅਭਿਮਾਨ ਦਾ ਸ਼ੋਰ ਸ਼ਰਾਬਾ ਹੀ ਮਨ ਅੰਦਰਿ ਵਧਦਾ ਹੈ,

ਅਤੇ ਪਇਆ ਫੁੰਕਾਰੇ ਮਾਰਦਾ ਫਿਰਦਾ ਹੈ। ਨਾ ਹੀ ਇਹ ਸਚਾ ਜ਼ੋਰ ਬਲ ਤਾਣ ਸੁਰਤੀਆਂ ਸਿਮਰਤੀਆਂ ਦੇ ਗਿਆਨ ਵੀਚਾਰ ਦੁਆਰਾ ਦੀਪਤ ਹੁੰਦਾ ਹੈ। ਨਾ ਹੀ ਇਹ ਸਚੀ ਆਤਮ-ਸ਼ਕਤਿ ਕਲਾ ਵਾਲਾ ਜੋਰ ਸੰਸਾਰ-ਤਿਆਗ ਦੀਆਂ ਸੰਨਿਆਸ-ਜੁਗਤੀਆਂ ਕਰਕੇ ਅੰਤਰ ਆਤਮੇ ਹੋਇ ਆਵੰਦਾ ਹੈ। ਪਰੰਤੂ ਜਿਸ ਸਰਬ ਸ਼ਕਤੀਮਾਨ, ਸਰਬ ਕਲਾ ਭਰਪੂਰ ਪਰਮਾਤਮਾ ਦੇ ਹੱਥਿ ਵਸਿ ਇਸ ਜ਼ੋਰ ਬਲਿ ਸ਼ਕਤਿ ਦਾਨ ਦੀ ਸਮਰੱਥਾ ਹੈ ਓਹੀ ਸਿਰ-ਦਾਤਿਆਂ-ਦਾਤਾਰ ਵਾਹਿਗੁਰੂ ਜਿਸ ਨੂੰ ਚਾਹੇ, ਨਦਰੀ ਨਦਰ ਨਿਹਾਲ ਹੋ ਕੇ ਇਸ ਆਤਮ-ਬਲ ਜੋਰ ਦਾ ਜੀਆਦਾਨ ਦੇ ਸਕਦਾ ਹੈ। ਆਪੇ ਹੀ ਤਾਨ ਬਖਸ਼ਦਾ ਹੈ। ਆਪ ਹੀ ਬਖਸ਼ ਕੇ ਵੇਖਿ ਵੇਖਿ ਵਿਗਸਦਾ ਹੈ। ਆਪਣੀ ਤਾਕਤ ਨਾਲ ਨਾ ਕੋਈ ਤਾਕਤਵਰ ਸਦਾ ਕੇ ਭਲਾ ਭਲਾ ਉਤਮ ਸ੍ਰੇਸ਼ਟ ਜਨ ਕਹਾ ਸਕਦਾ ਹੈ, ਨਾ ਕੋਈ ਤਾਕਤਵਰ ਸਦਾ ਕੇ ਆਪਣੇ ਮੁਕਾਬਲੇ ਵਿਚ ਕਿਸੇ ਨੂੰ ਨੀਚ ਹੇਚ ਗਰਦਾਨ ਸਕਦਾ ਹੈ। ਕਿਸੇ ਨੂੰ ਤਾਕਤਵਰ (ਜੋਰ ਵਾਲਾ, ਸਚੀ ਤਾਕਤ ਵਾਲਾ) ਬਣਾਉਣਹਾਰ ਉਹ ਆਪ ਅਕਾਲ ਪੁਰਖ ਹੈ। ਜੀਵਾਂ ਦੇ ਕਰਮਾਂ ਅਨੁਸਾਰ ਉਤਮ ਨੀਚ ਕੀਤੇ ਜੰਤ ਸਭ ਉਸੇ ਕਰਮ-ਫਲ-ਦਾਤਾ ਦੇ ਕੀਤੇ ਹੋਏ ਹਨ, ਇਸ ਵਿਚ ਹੋਰ ਕਿਸੇ ਦਾ ਕੀ ਵਾਸਤਾ ਹੈ। ਯਥਾ ਪਉੜੀ :

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥

[ਪਉੜੀ ੩੩ਵੀਂ, ਜਪੁਜੀ ਸਾਹਿਬ

੨.

# ਧਰਮ ਖੰਡ

ਜਪੁਜੀ ਸਾਹਿਬ ਦੀ ੩੪ਵੀਂ ਪਉੜੀ ਦਰਸਾਉਂਦੀ ਹੈ ਕਿ

"ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥"

ਮਈ ਕੁਦਰਤੀ ਸਾਜਨਾ ਕਰਤੇ ਅਕਾਲ ਪੁਰਖ ਅਕਾਲ ਦੀ ਸਾਜੀ ਹੋਈ ਹੈ, ਉਸਿ ਕੁਦਰਤਿ ਦੀ ਰਚਨਾ ਅੰਦਰ ਇਕ ਧਰਮਸਾਲ ਰੂਪੀ ਸੂਖਮ ਧਰਤਿ-ਮੰਡਲ ਭੀ ਸਾਜਨਹਾਰੇ ਨੇ ਸਾਜ ਰਖਿਆ ਹੈ। ਇਸ ਧਰਤੀ ਤੋਂ ਮੁਰਾਦ ਇਹ ਮਾਤ-ਲੋਕੀ ਧਰਤੀ ਨਹੀਂ, ਬਲਕਿ ਉਹ ਦਿੱਬ ਦੀਪ ਮੰਡਲ ਹੈ ਜਿਥੇ ਅਕਾਲ ਪੁਰਖ ਦਾ ਥਾਪਿਆ ਧਰਮ ਰਾਜ ਬੈਠ ਕੇ ਨਿਆਉਂ ਬੀਚਾਰਦਾ ਹੈ। ਇਸ ਧਰਮ ਧਰਤਿ ਮੰਡਲ ਨੂੰ ਆਪਣੀ ਇਸ ਦੁਨਿਆਵੀ ਧਰਤੀ ਦੀ ਸਥੂਲਤਾ ਦੀ ਤੁਲਤਾ ਦੇਣੀ ਅਗਿਆਨਤਾ ਹੈ। ਇਹ ਮੰਡਲ ਅਤਿ ਸੂਖਮ ਮੰਡਲ ਹੈ, ਜੋ ਧਰਮ ਨਿਆਉਂ ਵੀਚਾਰਨ ਹਿਤ ਧਰਮਸਾਲ ਹੈ। ਬਾਕੀ ਮਾਤ ਲੋਕ ਆਦਿ ਜੋ ਮੰਡਲ ਹਨ, ਉਹ ਸਭ ਕਰਮ ਭੂਮੀਆਂ ਅਰਥਾਤ ਕਰਮ ਛੇਤ੍ਰ ਹਨ, ਜਿਥੇ ਕਮਾਤੇ ਕਰਮਾਂ ਦਾ ਲੇਖਾ ਇਸ ਧਰਮਸਾਲ ਵਿਚ ਹੁੰਦਾ ਹੈ। ਇਥੇ ਦਾ ਧਰਮ-ਰਾਜ ਭੀ ਇਸ ਧਰਤੀ ਦੇ ਰਾਜਿਆਂ ਵਰਗਾ ਨਹੀਂ, ਅਕਾਲ ਪੁਰਖ ਦਾ ਨਿਜੀ ਰੂਪ ਅਸਥਾਪਿਆ ਹੋਇਆ ਦੇਵ ਦਿੱਬ ਮੂਰਤਿ, ਕਾਲ ਰਹਿਤ ਅਕਾਲ ਮੂਰਤਿ ਦੀ ਨਿਜ ਸ਼ਕਤ ਸਮਰਥਨੀ ਧਰਮ ਨਿਆਉਂ ਕਲਾ ਵਾਲਾ ਧਰਮ ਕਲਾ ਅਭੇਦ ਰੂਪ ਨਿਜ ਸਰੂਪ ਮੂਰਤੀਮਾਨ ਡਿਪਟੀ ਹੈ। ਇਸ ਧਰਮ ਰਾਜ ਨੂੰ ਦੁਨਿਆਵੀ ਰਾਜਿਆਂ ਵਾਂਗੂ ਨਿਆਉਂ ਇਨਸਾਫ਼ ਵੀਚਾਰਨ ਲਈ ਗਵਾਹੀਆਂ ਸ਼ਾਹਦੀਆਂ ਦੀ ਲੋੜ ਨਹੀਂ, ਇਸ ਨੂੰ ਅਕਾਲ ਪੁਰਖ ਦੀ ਧੁਰ-ਹੁਕਮ-ਧੁਰੰਧਰੀ ਅੰਤਰਯਾਮਤਾ ਪ੍ਰਾਪਤ ਹੈ, ਜਿਸ ਦੁਆਰਾ ਇਹ ਆਪੇ ਹੀ ਸੱਚਾ ਨਿਆਉਂ ਵਿਚਾਰਦਾ ਹੈ :

ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥

[ਸਿਰੀ ਰਾਗੁ ਮ: ੩ ਪੰਨਾ ੩੮

ਇਥੇ ਅਕਾਲ ਪੁਰਖ ਦੀ ਅੰਤਰਯਾਮਤਾ ਪਰਦਾਨਿਆ ਸੱਚਾ ਹੁਕਮ ਹੀ ਵਰਤਦਾ ਹੈ ਅਤੇ ਸੱਚਾ ਨਿਆਉਂ ਹੀ ਵੀਚਾਰੀਦਾ ਹੈ। ਇਸ ਸੱਚੀ ਧਰਮਸਾਲ ਵਿਖੇ ਅਨਿਕ ਪ੍ਰਕਾਰ ਦੀ ਜੋਨਿ-ਜੁਗਤਿ ਦੇ ਰੰਗਾਂ ਵਾਲੇ ਅਤੇ ਅਨੇਕ ਅਨੰਤ ਪ੍ਰਕਾਰ ਦੇ ਨਾਵਾਂ ਵਾਲੇ ਜੀਅ ਜੰਤ ਸਥੂਲ ਧਰਤੀਆਂ ਵਾਲੇ ਹੋਰਨਾਂ ਖੰਡਾਂ ਬ੍ਰਹਿਮੰਡਾਂ ਤੋਂ ਮਰਨ ਪ੍ਰਯੰਤ ਆ ਕੇ ਵਾਰਦ (ਦਾਖ਼ਲ) ਹੁੰਦੇ ਹਨ, ਜਿਨ੍ਹਾਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਸਚੜਾ ਵੀਚਾਰ ਹੋ ਕੇ ਨਿਆਉਂ ਨਿਬੇੜਾ ਹੁੰਦਾ

ਹੈ । ਸੱਚਾ ਨਿਆਉਂ ਨਿਬੇੜਾ ਇਸ ਕਰਕੇ ਹੁੰਦਾ ਹੈ ਕਿ ਨਿਆਉਂ ਕਰਨ ਵਾਲਾ ਸੱਚਾ ਮੁਨਸਫ਼ ਧਰਮ-ਰਾਇ ਆਪ ਸਚੜੇ ਅੰਤਰਯਾਮੀ ਅਕਾਲ ਪੁਰਖ ਦਾ ਹੀ ਧਰਮ ਨਿਆਉਂ ਕਲਾ ਸੰਪੰਨ ਥਾਪਿਆ ਹੋਇਆ ਡਿਪਟੀ ਹੁੰਦਾ ਹੈ। ਤਾਂ ਤੇ ਸੱਚੇ ਦਾ ਇਹ ਨਿਆਉਂ ਨਿਬੇੜੂ ਦਰਬਾਰ ਹੀ ਸੱਚਾ ਦਰਬਾਰ ਹੈ। ਕੋਈ ਦੁਨਿਆਵੀ ਰਾਜ-ਦਰਬਾਰਾਂ ਵਾਲਾ ਅਲਪ ਬੁਧਮਤੀ ਨਿਆਉਂ ਕਰਨ ਵਾਲਾ ਦੜਾ ਦੀਬਾਨ ਨਹੀਂ । ਤਿਸ ਸੱਚੇ ਦੇ ਸੱਚੇ ਦਰਬਾਰ ਵਿਖੇ ਪਰਵਾਣ ਪਏ ਖਲੌਤੇ ਜਨ, ਧਰਮ-ਰਾਜ ਦੀ ਧਰਮ-ਬੀਚਾਰ ਦੰਡ-ਦੀਨ ਤੋਂ ਨਿਰਲੇਪ ਨਿਰਾਲਮ ਰਹਿੰਦੇ ਹੋਏ, ਅਦਭੁਤ ਆਤਮ-ਉਭਰਾਉ ਕਲਾ ਨੈਸਾਨੀ ਹੁੰਦੇ ਹੋਏ, ਨਿਰਾਲੇ ਹੀ ਸੋਭਾ ਪਾਉਂਦੇ ਹਨ । ਉਹ ਧਰਮ-ਰਾਇ ਦੇ ਨਿਆਉਂ ਧਰਮ ਲੇਖੇ ਤੋਂ ਅਪਰੰਪਰ ਰਹਿੰਦੇ ਹਨ । ਧਰਮ-ਰਾਇ ਤਿਨ੍ਹਾਂ ਦੇ ਕਰਮ ਧਰਮ ਨਹੀਂ ਬੀਚਾਰ ਸਕਦਾ, ਨਾ ਹੀ ਤਿਨ੍ਹਾਂ ਦੇ ਕਰਮਾਂ ਤੇ ਕੋਈ ਉਟੰਕਣ ਕਰਿ ਸਕਦਾ ਹੈ :

ਧਰਮ ਰਾਇ ਤਿਨਾ ਕਾ ਮਿਤ੍ਰ ਹੈ ਜਮ ਮਗਿ ਨ ਪਾਵੈ ॥ ੧੪ ॥

ਮਾਰੂ ਵਾਰ ਮ: ੩, ਪੰਨਾ ੧੦੯੧

ਤਿਨ੍ਹਾਂ ਪੂਰੇ ਪੁਰਖਾਂ ਪੰਚ ਪ੍ਰਵਾਨ ਜਨਾਂ ਦੀ ਪੂਰੀ ਨਾਮ ਅਭਿਆਸ ਕਮਾਈ ਵਾਲੇ ਪੂਰੇ ਸੁਫਲ ਕਰਮ, ਕਰਮਨ ਸਿਰ ਕਰਮ ਦੇ ਪ੍ਰਭਾਵ ਕਰਕੇ ਤਿਨ੍ਹਾਂ ਦੇ ਦਿੱਬ ਮੂਰਤੀ ਮਸਤਕ ਉਤੇ ਵਾਹਿਗੁਰੂ ਦੀ ਨਦਰ ਦਾ ਨੀਸਾਨ ਹੁੰਦਾ ਹੈ, ਜਿਸ ਕਰਕੇ ਤਿਨ੍ਹਾਂ ਨਦਰ ਕਰਮ ਦੇ ਧੁਰੋਂ ਬਖ਼ਸ਼ੇ ਪੰਚ ਪ੍ਰਵਾਨ ਜਨਾਂ ਦੇ ਨੇੜੇ ਧਰਮ-ਰਾਇ ਆ ਹੀ ਨਹੀਂ ਸਕਦਾ, ਹੋਰ ਕਿਸੇ ਜਮ ਜਾਗਾਤੀ ਨੇ ਤਾਂ ਕੀ ਨੇੜੇ ਆਉਣਾ ਸੀ । ਉਹ ਪੰਚ ਪ੍ਰਵਾਨ ਜਨ ਧਰਮ-ਮੰਡਲ ਧਰਮ-ਸਾਲ ਦੀ ਨਿਆਉਂ ਟਕਸਾਲ ਤੋਂ ਸੁਰਖ਼ਰੂ ਹੋ ਕੇ ਉਭਰਦੇ ਹਨ । ਇਸ ਮਾਤ ਲੋਕ ਵਿਖੇ ਹੁੰਦਿਆਂ ਭੀ ਤਿਨ੍ਹਾਂ ਪੰਚ ਪਰਵਾਨ ਜਨਾਂ ਦੀ ਧਰਮ ਖੰਡ ਵਿਖੇ ਸੁਰਤ ਸਮਾਈ ਹੁੰਦੀ ਹੈ । ਅਰਥਾਤ, ਉਹ ਇਥੇ ਬੈਠਿਆਂ ਹੀ ਧਰਮ ਖੰਡ ਦਾ ਨਜ਼ਾਰਾ ਦੇਖ ਸਕਦੇ ਹਨ, ਕਿਉਂਕਿ ਇਹ ਦਰ ਮਕਬੂਲ ਪੰਚ ਪਰਵਾਨ ਐਥੇ ਇਸ ਲੋਕ ਵਿਖੇ ਭੀ ਗੁਰ-ਸੰਗਤ ਅੰਦਰ ਕੀਰਤਨ ਅਤੇ ਸਿਫਤ ਸਲਾਹ ਕਰਦੇ ਹੋਏ, ਸਚੇ ਦਰਬਾਰ ਵਿਖੇ ਸਮਾਈ ਅਰਥਾਤ ਗੰਮਤਾ ਰਖਦੇ ਹਨ । ਤਿਨ੍ਹਾਂ ਪੰਚ ਪ੍ਰਵਾਨ ਪਰਮ ਸ੍ਰੇਸ਼ਟ ਸ਼ਬਦ-ਸੁਰਤੀਸ਼ਰਾਂ ਨੂੰ ਚੋਲਾ ਛਡਣ ਪਰ ਸੱਚੇ ਦਰਬਾਰ ਦੀ ਪਹੁੰਚ ਸਮਾਈ ਤੋਂ ਕਉਣ ਠਾਕ ਰਹਾ ਸਕਦਾ ਹੈ । ਹੋਰ ਕੱਚਿਆਂ ਪਿੱਲਿਆਂ ਦੀ ਸੋਧ-ਸੁਧਾਈ ਅਤੇ ਪਰਖ-ਪਰਖਾਈ ਮਈ ਪਕਾਈ ਓਥੇ (ਧਰਮ ਖੰਡ ਵਿਖੇ) ਜਾ ਕੇ ਹੀ ਹੁੰਦੀ ਹੈ । ਇਸ ਸੱਚੇ ਧਰਮ-ਖੰਡੀ ਦਰਬਾਰ ਵਿਖੇ ਹੀ ਪਤਾ ਲਗਦਾ ਹੈ ਕਿ ਕਉਣ ਉਤਮ ਹੈ ਅਤੇ ਕਉਣ ਨੀਚ ਹੈ। ਯਥਾ :

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥


www.sikhbookclub.com

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥

[ਜਪੁਜੀ ਸਾਹਿਬ, ਪਉੜੀ ੩੪

"ਤਿਥੈ" "ਓਥੈ" ਆਦਿਕ ਪਦਾਂ ਦਾ ਉਪਰਲੇ ਗੁਰਵਾਕ ਵਿਖੇ ਆਉਣਾ ਸਿਧ ਕਰਦਾ ਹੈ ਕਿ ਕਾਦਰੀ ਕੁਦਰਤ ਦੀ ਅਗਾਧ ਦ੍ਰਿਸ਼ਟ ਰਚਨਾ ਅੰਦਰਿ ਧਰਮ ਖੰਡ ਇਕ ਅਜਿਹਾ ਅਸਥਾਨ ਹੈ, ਜਿਥੇ ਬਹਿ ਕੇ ਧਰਮ-ਰਾਇ ਸਚਾ ਨਿਆਉਂ ਨਿਬੇੜਦਾ ਹੈ, ਜਿਥੇ ਸੱਚੇ ਦਾ ਸੱਚਾ ਦਰਬਾਰ ਨਿਆਉਂ ਕਚਹਿਰੀ ਵਾਲਾ ਦਰਬਾਰ ਲਗਦਾ ਹੈ। ਇਹ ਧਰਮਰਾਇ-ਖੰਡੀ ਅਸਥਾਨ-ਮੰਡਲ ਕਿਸ ਸਾਖਤ ਦਾ ਬਣਿਆ ਹੋਇਆ ਅਤੇ ਕਿਵੇਂ ਕਿਸ ਪ੍ਰਕਾਰ ਦਾ ਨਿਆਉਂ ਓਥੇ ਨਬੇੜੀਦਾ ਹੈ, ਇਹ ਭੇਦ ਤਾਂ ਕੇਵਲ ਉਸ ਧਰਮ ਖੰਡ ਰੂਪੀ ਅਸਥਾਨ ਵਿਖੇ ਗਇਆਂ ਹੀ ਖੁਲ੍ਹਦਾ ਹੈ। ਇਹਨਾਂ ਪੰਜ ਭੂਤਕ ਇਲਮ ਇੰਦਰਿਆਂ ਦੁਆਰਾ ਓਸ ਅਸਥਾਨ ਦੀ ਗਹਿਣ-ਗਤਿ ਵਰਣੀ ਨਹੀਂ ਜਾ ਸਕਦੀ। ਜਿਨ੍ਹਾਂ ਪੁਗ-ਖਲੋਤੇ ਪੰਚ ਪਰਵਾਨ ਜਨਾਂ ਨੇ ਐਥੇ ਇਸ ਮਾਤ ਲੋਕੀ ਮੰਡਲ ਵਿਖੇ ਬੈਠਿਆਂ ਹੀ ਉਸ ਦਿੱਬ ਮੰਡਲੀ ਅਸਥਾਨ ਧਰਮ ਖੰਡ ਨੂੰ ਪੇਖਿਆ ਹੈ, ਉਹਨਾਂ ਨੂੰ ਭੀ ਇਹ ਪ੍ਰੌਖੇਂ ਨਹੀਂ ਕਿ ਉਹ ਉਸ ਅਸਥਾਨ ਦਾ ਥੋਹੀ ਨਕਸ਼ਾ ਬੰਨ੍ਹ ਸਕਣ। ਨਕਸ਼ਾ ਬੰਨ੍ਹਣ ਲਈ ਕੋਈ ਅਨੁਮਾਨ ਉਦਾਹਰਨ ਅਜਿਹੇ ਲੋੜੀਦੇ ਹਨ, ਜਿਨ੍ਹਾਂ ਨੂੰ ਸਮਝ ਕੇ ਇਹ ਮਾਤ ਲੋਕੀ ਸਥੂਲ ਬੁਧੀ ਵਾਲੇ ਜੀਵ ਪਤੀਜ ਸਕਣ, ਪਰ ਉਨ੍ਹਾਂ ਨੂੰ ਪਤੀਜ ਕਿਵੇਂ ਆਵੇ? ਉਹ ਤਾਂ ਸਥੂਲ ਸ੍ਰਿਸ਼ਟੀ ਪਦਾਰਥਾਂ ਦੇ ਉਦਾਹਰਨ ਦੁਆਰਾ ਹੀ ਪਤੀਜਣਗੇ, ਪਰ ਸਥੂਲ ਸ੍ਰਿਸ਼ਟੀ ਉਦਾਹਰਨ ਨਾਲ ਘਰ ਪੂਰਾ ਹੋ ਨਹੀਂ ਸਕਦਾ, ਨਾ ਹੀ ਪੂਰਾ ਨਕਸ਼ਾ ਬਝ ਸਕਦਾ ਹੈ। ਤਾਂ ਤੇ ਅਦ੍ਰਿਸ਼ਟ ਅਗੋਚਰ ਰਚਨਾ ਦੇ ਗੋਝ ਗਿਆਨ ਪ੍ਰਥਾਇ ਹੀ ਇਹ ਕਹਿਣਾ ਬਣਦਾ ਹੈ ਕਿ :

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ ੧੨੧ ॥

[ਸਲੋਕ ਕਬੀਰ ਜੀ, ਪੰਨਾ ੧੩੭੦

ਅਲਪੱਗ ਜੀਵਾਂ ਦੀਆਂ ਸਹਸ ਸਿਆਣਪੀ ਮੱਤਾਂ, ਗੂੜ੍ਹ ਤੋਂ ਗੂੜ੍ਹ ਲਾਜਕ, ਫ਼ਿਲਾਸਫ਼ੀਆਂ ਅਤੇ ਸਾਇੰਸ-ਵਿਦਿਆ, ਦਾਨਸ਼ਾਂ, ਕਿਆਫ਼ਾਦਾਨੀਆਂ ਭੀ ਇਸ ਇਲਮੁਲ ਗ਼ੈਬੀ ਭੇਦ ਦੇ ਤੱਤ ਨੂੰ ਨਹੀਂ ਜਾਣ ਸਕਦੀਆਂ। ਗੁਰਮਤਿ ਦੇ ਸ਼ਰਧਾਲੂ ਜਨ, ਕੇਵਲ ਸਥੂਲ ਗਿਆਨ ਸੰਪੰਨੇ ਪੰਜ ਇੰਦ੍ਰਿਆਂ ਦੀ ਸ਼ਹਾਦਤ

ਉਤੇ ਹੀ ਇਲਮੁਲ ਗ਼ੈਬ ਦੇ ਗਿਆਨ ਦਾ ਨਿਰਭਰ ਨਹੀਂ ਰਖਦੇ, ਉਹਨਾਂ ਦੀ ਦਿਬ ਦ੍ਰਿਸ਼ਟੀ ਅੰਤਰੀਵੀ ਅਖੜੀਆਂ ਨੂੰ ਜਦੋਂ ਅੰਦਰਲਾ ਚਾਨਣਾ ਹੁੰਦਾ ਹੈ ਤਾਂ ਆਪੇ ਹੀ ਸਾਰੇ ਗੂੜ੍ਹ ਗੁਪਤ ਭੇਤ ਖੁਲ੍ਹ ਜਾਂਦੇ ਹਨ। ਇਸ ਅੰਤ੍ਰੀਵੀ ਤੱਤ-ਆਤਮ ਗਿਆਨ-ਦ੍ਰਿਸ਼ਟ ਦੇ ਬੇਤੇ ਹੋਣ ਤੋਂ ਪਹਿਲਾਂ ਤਿਨ੍ਹਾਂ ਦੀ ਸ਼ਰਧਾ ਗੁਰ-ਵਾਕਾਂ ਦੀ ਸਤਤਾ ਉਤੇ ਪੱਕੀ ਪਰਤੀਤ ਵਾਲੀ ਹੁੰਦੀ ਹੈ। ਉਹ ਏਹਨਾਂ ਗੁਮਰਾਹ-ਕੁਨ ਗਯਾਨ ਵਾਲੇ ਇੰਦ੍ਰਿਆਂ ਦੇ ਮਗਰ ਨਹੀਂ ਲਗਦੇ, ਅਤੇ ਏਹਨਾਂ ਮਗਰ ਲਗ ਕੇ ਗੁਰਵਾਕਾਂ ਦੀ ਤੱਤ ਸਤਤਾ ਤੋਂ ਮੁਨਕਰ ਨਹੀਂ ਹੁੰਦੇ, ਉਹਨਾਂ ਦ੍ਰਿੜ੍ਹ ਕਰ ਕੇ ਇਸ ਗੱਲ ਨੂੰ ਗਹਿਆ ਹੋਇਆ ਹੁੰਦਾ ਹੈ ਕਿ ਜੋ ਕੁਛ ਗੁਰਬਾਣੀ ਆਖਦੀ ਹੈ ਸੋ ਸਭ ਸਤਿ ਸਤਿ ਹੈ। ਹੋਰ ਕਚ ਮਤੀਆਂ ਸਭ ਕੂੜੀਆਂ ਹਨ। ਗੁਰਵਾਕਾਂ ਦੀ ਇਹ ਸ਼ਰਧਾ-ਭਾਵਨੀ ਤਿਨ੍ਹਾਂ ਨੂੰ ਪਰਮਾਰਥ ਦੇ ਤੱਤ ਖੋਜੀ ਬਣਾਉਂਦੀ ਹੋਈ ਅਤੇ ਗੁਰਬਚਨਾਂ ਦੀ ਕਮਾਈ ਕਰਾਉਂਦੀ ਹੋਈ ਗੁਪਤ ਰਚਨਾ ਦੇ ਸਭ ਭੇਦ ਖੋਲ੍ਹ ਦਿੰਦੀ ਹੈ, ਜਿਸ ਤੱਤ-ਲਖਤਾ ਵਾਲੀ ਆਤਮ-ਅਵਸਥਾ ਨੂੰ ਉਹ ਅੰਦਰੋ ਅੰਦਰਿ ਮਾਣ ਮਾਣ ਕੇ ਵਿਗਸਦੇ ਅਤੇ ਬਿਸਮ ਅਨੰਦੀ ਹੋਂਵਦੇ ਹਨ। ਜਪੁਜੀ ਸਾਹਿਬ ਦੀ ਪਿਛਲੀ (ਉਪਰਲੇ ਪ੍ਰਮਾਣ ਵਿਚ ਦਿਤੀ) ਪਉੜੀ ਵਿਚ ਵਰਨਣ ਕੀਤੇ ਧਰਮ ਖੰਡ ਦੇ ਬਿਰਤਾਂਤ ਨੂੰ ਅਗਲੀ ਪੈਂਤੀਵੀਂ ਪਉੜੀ ਦੇ ਅਰੰਭ ਵਿਚ ਹੀ ਗੁਰੂ ਸਾਹਿਬ ਇਉਂ ਨਿਯਮਾਉਂਦੇ ਹਨ :

"ਧਰਮ ਖੰਡ ਕਾ ਏਹੋ ਧਰਮੁ ॥"

ਅਰਥਾਤ ਉਪਰਲੀ ਪਉੜੀ ਵਿਚ ਨਿਰੂਪਨ ਅਤੇ ਵਰਨਣ ਕੀਤਾ ਨਿਰਣਾ ਹੀ ਧਰਮ ਖੰਡ ਦਾ ਤੱਤ ਨਿਯਮਾਵਲੀ ਬਿਰਤਾਂਤ ਹੈ।

# ਗਿਆਨ ਖੰਡ

ਧਰਮ ਖੰਡ ਦੇ ਇਮਤਿਹਾਨ ਵਿਚ ਪੂਰੇ ਉਤਰੇ ਹੋਏ ਪੰਚ ਪ੍ਰਵਾਨ ਜਨਾਂ ਨੂੰ ਹੀ ਗਿਆਨ ਖੰਡ ਦਾ ਤੱਤ ਗਿਆਨ ਜ਼ਹੂਰ ਪਜ਼ੀਰ ਹੁੰਦਾ ਹੈ। ਉਹ ਗਿਆਨ ਖੰਡ ਦੀ ਲਖਤਾ ਦੇ ਨਦਰ-ਦ੍ਰਿਸ਼ਟੇ ਹੋ ਕੇ ਗਿਆਨ ਖੰਡ ਵਿਚ ਵਰਤ ਰਹੇ ਤੱਤ ਵਰਤਾਰੇ ਦੇ ਤੱਤਵੇਤਾ ਹੋ ਜਾਂਦੇ ਹਨ। ਓਹਨਾਂ ਦਾ ਤੱਤ ਜ਼ਹੂਰ ਵਿਚ ਆਏ ਗਿਆਨ ਖੰਡ ਦਾ ਬਿਰਤਾਂਤ ਹੀ ਤੱਤ ਨਿਯਮੀ ਨਿਰਣੇ ਵਾਲਾ ਬਿਰਤਾਂਤ ਹੈ। ਧਰਮ ਖੰਡ ਦੀ ਗੰਮਤਾ ਵਾਲਾ ਗੰਮਿਆ ਆਤਮ ਧਰਮ ਜੀਵਨ ਹੀ ਗਿਆਨ ਖੰਡ ਦੇ ਬੂਝਣ (ਲਖਣ) (realize ਕਰਨ) ਦਾ ਪਉੜਾ ਹੈ। ਤਾਂ ਹੀ ਤੇ ਅਗਲੀ ਪਉੜੀ ਦੇ ਅਰੰਭ ਵਿਚ ਹੀ ਇਉਂ ਉਚਾਰਨ ਹੋਇਆ :

"ਧਰਮ ਖੰਡ ਕਾ ਏਹੋ ਧਰਮੁ ॥
ਗਿਆਨੁ ਖੰਡ ਕਾ ਆਖਹੁ ਕਰਮੁ ॥"

ਧਰਮ ਖੰਡ ਦੀ ਪਉੜੀ ਚੜ੍ਹ ਕੇ ਪ੍ਰਾਪਤ ਹੋਏ ਅਗਲੀ ਪਉੜੀ ਗਿਆਨ ਖੰਡ ਦੇ ਤੱਤ ਨਿਰਣੇ ਨੂੰ ਇਸ ਅਗਲੀ ਪੈਂਤੀਵੀਂ ਪਉੜੀ ਵਿਖੇ ਇਸ ਪਰਕਾਰ ਨਿਰਣਾਇਆ ਹੈ। ਯਥਾ :

"ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ੍ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥"

ਗਿਆਨ ਖੰਡ ਦਾ ਉਪਰ ਦਸਿਆ ਅਹਿਵਾਲ ਨਿਰਾ ਕਿਆਸੀ ਯਾ ਅਨੁਭਵ ਅਨੁਮਾਨੀ ਅਵਸਥਾ ਲਖਾਇਕ ਤੋਤਕੜਾ ਹੀ ਨਹੀਂ। ਇਹ ਗੁਰਮੁਖ ਖ਼ੁਦਾਈ ਬੰਦਿਆਂ ਦਾ ਮਲੂਮ ਕੀਤਾ ਹੋਇਆ ਸੱਚਾ ਅਹਿਵਾਲ ਗਿਆਨ ਖੰਡ ਦਾ ਤੱਤ ਇਜ਼ਹਾਰੀ ਨਿਰਣਾ ਹੈ। ਨਦਰ ਦ੍ਰਿਸ਼ਟ ਦੀ ਦਿੱਬਤਾ ਤੇ ਮਰੰਮੀਆਂ ਨੂੰ ਹੀ ਗਿਆਨ ਖੰਡ ਦਾ ਆਲਮੁਲ ਗ਼ੈਬੀ ਇਨਕਸ਼ਾਫ਼ ਜ਼ਹੂਰ ਪਜ਼ੀਰ ਹੁੰਦਾ ਹੈ ਕਿ

ਗਿਆਨ ਖੰਡ ਵਿਚ ਪ੍ਰਗ ਖਲੋ. ਕੇ ਖੋਲਣ ਵਾਲਿਆਂ ਨੂੰ ਕੀ ਕੀ ਚਮਤਕਾਰ ਪਰਗਟ ਹੁੰਦੇ ਹਨ। ਗੁਪਤੋਂ ਪਰਗਟ ਹੋਏ ਗਿਆਨ ਖੰਡ ਦੀ ਦਿਬ-ਦੀਦ ਜੋ ਨਜ਼ਾਰਾ ਸਾਂਗੋ-ਪਾਂਗ ਦੇਖਦੀ ਹੈ, ਉਹ ਜੋਤਿ ਪ੍ਰਚੰਡੀ ਗਿਆਨ ਦਾ ਪ੍ਰਗਟ ਪਹਾਰਾ ਹੈ। ਕੋਈ ਫ਼ਰਜ਼ੀ ਕਿਆਸ ਕੁਫ਼ਰਾਰਾ ਕੂੜਰ ਸ਼ਰਾਰਾ ਨਹੀਂ।

ਗਿਆਨ ਖੰਡ ਦੀ ਅਥਾਹਤਾ ਅੰਦਰ ਅਨਿਕ ਪ੍ਰਕਾਰ ਦੀਆਂ ਅਗਿਣਤ ਪਉਣਾਂ, ਇਸ ਮਾਤ ਲੋਕੀ ਵਾਯੂ ਮੰਡਲੀ ਪਉਣਾਂ ਤੋਂ ਅਧਿਕ ਵਿਲੱਖਣੀ ਬਚਿਤਰ ਪਉਣਾਂ ਹਨ। ਅਨੇਕ ਪਰਕਾਰ ਦੇ ਅਣਗਿਣਤ ਪਾਣੀ ਹਨ, ਅਤੇ ਅਨੇਕ ਪਰਕਾਰ ਦੀਆਂ ਅਗਿਣਤ ਅਗਨੀਆਂ ਹਨ। ਬੇਅੰਤ ਹੀ ਬਿਸ਼ਨੂੰ ਅਤੇ ਬੇਅੰਤ ਬਿਸ਼ਨ ਅਵਤਾਰੀ ਕਾਨ੍ਹ-ਕ੍ਰਿਸ਼ਨ ਘਨੱਈਆ ਹਨ, ਅਤੇ ਬੇਅੰਤ ਮਹਾਂਦੇਵ ਸ਼ਿਵ ਰੁਦਰ ਹਨ ਅਤੇ ਬੇਅੰਤ ਹੀ ਬਰਮੇ ਹਨ, ਜੋ ਬੇਅੰਤ ਰੂਪਾਂ ਰੰਗਾਂ ਵੇਸਾਂ ਦੀ ਜੱਗ-ਰਚਨਾ ਦੀ ਸਾਜਨਾ ਸਾਜਣ ਲਾਏ ਹੋਏ ਹਨ। ਬੇਅੰਤ ਪਰਕਾਰ ਦੀਆਂ ਕਰਮ ਭੂਮੀਆਂ ਅਤੇ ਬੇਅੰਤ ਹੀ ਸੁਮੇਰ ਪਰਬਤ, ਬੇਅੰਤ ਹੀ ਧ੍ਰੂ ਹਨ। ਬੇਅੰਤ ਹੀ ਨਾਨਾ ਪ੍ਰਕਾਰੀ ਧ੍ਰੂਆਂ ਸਹਿਤ ਉਪਦੇਸ਼ ਅਤੇ ਉਪ-ਦੇਸ਼ਣ-ਹਾਰੇ ਹਨ। ਬੇਅੰਤ ਹੀ ਤਾਰੇ ਸਤਾਰਿਆਂ-ਮਈ ਮੰਡਲ ਹਨ, ਅਤੇ ਬੇਅੰਤ ਹੀ ਮੰਡਲਾਂ ਦੇ ਦੇਸ ਹਨ। ਬੇਅੰਤ ਹੀ ਇੰਦਰ ਹਨ। ਬੇਅੰਤ ਹੀ ਚੰਦ ਸੂਰਜ ਹਨ, ਬੇਅੰਤ ਹੀ ਸਿਧ, ਬੇਅੰਤ ਹੀ ਬੁਧ ਅਤੇ ਬੇਅੰਤ ਹੀ ਨਾਥ ਹੋ ਗੁਜ਼ਰੇ ਹਨ ਤੇ ਹੋਣਗੇ (ਹਰ ਸਮੇਂ ਹੁੰਦੇ ਰਹਿਣਗੇ)। ਬੇਅੰਤ ਹੀ ਵੇਕੋ ਵੇਕੀ ਦੇਵੀਆਂ, ਬੇਅੰਤ ਹੀ ਦੇਵਤੇ, ਬੇਅੰਤ ਹੀ ਦੈਂਤ, ਬੇਅੰਤ ਹੀ ਰਿਖੀ ਮੁਨੀ ਹੋਏ ਹਨ, ਅਤੇ ਹੋਣਹਾਰ ਹਨ। ਭੂਤ ਭਵਿਖ ਭਵਾਨ੍ਹ ਦੀ ਸਾਰੀ ਰਚਨਾ ਗਿਆਨ ਖੰਡ ਸਾਪੇਖਸ਼ਾਰੀਆਂ ਨੂੰ ਸਦਾ ਸਨਮੁਖ ਸੋਹੇਂ ਹੈ। ਬੇਅੰਤ ਹੀ ਰਤਨ ਹਨ ਅਤੇ ਬੇਅੰਤ ਰਤਨ ਸਮੁੰਦ ਹਨ। ਬੇਅੰਤ ਹੀ ਖਾਣੀਆਂ, ਬੇਅੰਤ ਹੀ ਬਾਣੀਆਂ ਅਤੇ ਬੇਅੰਤ ਪਾਤ੍ਰ ਨਿਰੰਦਾਣੀਆਂ ਰਚਨਹਾਰ ਕਰਤਾਰ ਦੀ ਅਪਾਰ ਰਚਨਾ ਅੰਦਰ ਹਨ। ਗਿਣਤੀ ਦੀਆਂ ਖਾਣੀਆਂ ਬਾਣੀਆਂ ਦਾ ਏਥੇ ਅੰਤ ਨਹੀਂ, ਏਹਨਾਂ ਖਾਣੀਆਂ ਬਾਣੀਆਂ ਦੇ ਵਰਨਣ ਕਰਨ ਵਾਲੀਆਂ ਸੁਰਤੀਆਂ ਸਿਮ੍ਰਤੀਆਂ ਭੀ ਬੇਅੰਤ ਹਨ। ਬੇਅੰਤ ਬ੍ਰਹਿਮੰਡਾਂ ਦੀਆਂ ਵਸਦੀਆਂ ਦੁਨੀਆਂ ਹਨ ਤੇ ਬੇਅੰਤ ਹੀ ਸੁਰਤੀਆਂ ਬਿਰਤੀਆਂ ਫ਼ਿਲਾਸਫ਼ੀਆਂ ਆਦਿ ਰਚਨਹਾਰੇ, ਨਰ ਮੁਨਿ ਜਨ ਰਿਸ਼ੀ ਪੈਗੰਬਰ, ਉਲਮਾ ਤੇ ਹਕੀਮ ਹਨ, ਜਿਨ੍ਹਾਂ ਦਾ ਅੰਤ ਪਾਰਾਵਾਰ ਕਦੋਂਤ ਭੀ ਨਹੀਂ ਪਾਇਆ ਜਾ ਸਕਦਾ।

ਇਹ ਉਪਰ ਵਰਨੀ ਬੇਅੰਤਤਾ ਵਾਸਤਵ ਵਿਚ ਪਰਤੱਖ ਪੇਖੀ ਹੋਈ, ਗਿਆਨ ਖੰਡ ਦੀ ਪ੍ਰਚੰਡਤਾ ਵਿਚ ਪ੍ਰਚੰਡ ਹੋਈ ਵੀ ਜੋਤਿ ਆਸ਼ਕਾਰੀ ਸਾਕਸ਼ਾਤ ਦੇਖੀ ਹੋਈ ਵਾਰਤਾ ਹੈ, ਅਨੁਮਾਨਕ ਅਵਸਥਾ ਨਹੀਂ, ਤੇ ਸਤਿਗੁਰੂ ਦੇ ਅਗਾਧ

ਸਰਬੱਗਤਾ ਵਾਲੇ ਅਹਿਨਿਸੀ ਧਿਆਨਾ-ਕਾਰ ਹੋਏ ਤੱਤ-ਜੋਤਿ-ਵਿਗਾਸੀ ਤਜਰਬੇ ਵਿਚ ਆਇਆ ਹੋਇਆ ਅਮਲੀ ਸ਼ਗੂਫ਼ਾ ਹੈ। ਜਿਨ੍ਹਾਂ ਨੂੰ ਸਮਰੱਥ ਸਤਿਗੁਰੂ ਇਸ ਗਿਆਨ ਖੰਡ ਦਾ ਤੱਤ ਜੋਤਿ ਪ੍ਰਚੰਡੀਆ ਗਿਆਨ ਝਲਕਾਰਾ ਬਖਸ਼ੇ, ਓਹਨਾਂ ਨੂੰ ਇਸ ਅਤਿ ਜੋਤਿ ਤੱਤ ਲਤੀਫ਼ੀ ਗਿਆਨ ਅਮੀਕਤਾ ਉਤੇ ਅਮੱਨਾ ਆਇਆ ਹੈ। ਸਚਮੁਚ ਗਿਆਨ ਖੰਡ ਵਿਖੇ ਸਰਬ ਵਿਆਪਕ ਜੋਤਿ ਦਾ ਪ੍ਰਚੰਡ ਗਿਆਨ ਹੋਇਆ ਵਿਆ ਹੁੰਦਾ ਹੈ ਅਤੇ ਏਸ ਜੋਤਿ ਪ੍ਰਚੰਡ ਉਜਿਆਰੇ ਦੀ ਅਤਿ ਤੇਜਮਈ ਪ੍ਰਚੰਡਤ ਰੌਸ਼ਨੀ ਤਲੇ ਸਾਰੇ ਖੰਡਾਂ ਬ੍ਰਹਿਮੰਡਾਂ ਦਾ ਸਾਕਸ਼ਾਤ ਨਜ਼ਾਰਾ ਨਜ਼ਰ ਆਉਂਦਾ ਹੈ। ਕੋਈ ਗੁਝੀ ਛੰਨੀ ਬਾਤ ਨਹੀਂ ਰਹਿੰਦੀ, ਜੋ ਗਿਆਨ ਪ੍ਰਚੰਡੀ ਤੱਤ ਜੋਤਿ ਗਿਆਨੀਆਂ ਦੀ ਗਿਆਤ ਤੋਂ ਬਾਹਰ ਹੋਵੇ। ਤਾਂ ਹੀ ਤੇ "ਗਿਆਨ ਖੰਡ ਮਹਿ ਗਿਆਨੁ ਪਰਚੰਡੁ" ਵਾਲੀ ਲਾਜ਼ਮ ਮਲਜ਼ੂਮ ਸੱਚਾਈ ਓਤ ਪੋਤ ਹੈ, ਅਰਥਾਤ ਗਿਆਨ ਖੰਡ ਸੋਹੇ ਜਿਥੇ ਕਿ ਗਿਆਨ ਪ੍ਰਚੰਡ ਉਜਿਆਰੇ ਵਿਚ ਜੋਤਿ ਅਫ਼ਗਨ ਹੋਇ ਆਂਵਦੀ ਹੈ :

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥

[ਜੈਤਸਰੀ ਮ: ੫, ਪੰਨਾ ੭੦੦

ਇਸ ਤੱਤ ਗਿਆਨ ਉਜਿਆਰੇ ਅੰਦਰ ਭਰਮ-ਭੇਦ ਵਾਲੀ ਸ਼ੱਕੀ ਗੱਲ ਕੋਈ ਰਹਿੰਦੀ ਹੀ ਨਹੀਂ, ਜੋਤਿ ਪ੍ਰਚੰਡ ਉਜਿਆਰੇ ਵਾਲਾ ਦਿੱਬ ਤੱਤ ਜੋਤਿ ਲਤੀਫ਼ੀ ਸਰਬ ਵਿਆਪਕ ਸਫ਼ੀਅਰ (ਤਬਕਾ) (sphere or region) ਜੋ ਹੈ ਉਸ ਸਰਬ ਖੰਡ ਬ੍ਰਹਿਮੰਡਾਂ ਦੇ ਉਤੋਂ ਦੀ ਛਾਇਆ ਹੋਇਆ ਪਰੀਪੂਰਨ ਅਗਾਧ ਮੰਡਲੀ ਵਿਲੱਖਣ ਖੰਡ ਹੈ, ਜੋ ਸਾਰੀ ਹੀ ਰਚਨਾ ਵਿਖੇ ਸਭ ਦ੍ਰਿਸ਼ਟਮਾਨ ਖੰਡਾਂ ਬ੍ਰਹਿਮੰਡਾਂ ਦੇ ਉਤੇ ਦੀ ਛਾਇਆ ਹੋਇਆ ਹੈ। ਪਰੰਤੂ ਪੰਚ ਭੂਤਕੀ ਦ੍ਰਿਸ਼ਟੀ ਨੂੰ ਇਹ ਅਤਿ ਸੂਖਮ ਮੰਡਲ **ਗਿਆਨ ਮੰਡਲ** ਦਿਸਦਾ ਨਹੀਂ, ਗਿਆਨ ਪ੍ਰਚੰਡ ਹੋਏ ਹੋਏ ਤੋਂ ਦਿਸਦਾ ਹੈ, ਅਤੇ ਦਿਸਣ ਸਾਰ ਹੀ ਇਹ ਗਿਆਨ ਖੰਡ ਜੋਤਿ ਪ੍ਰਚੰਡੀਆ ਲਾ-ਮੁਹੀਤ ਖੰਡ ਜਗਮਗਾਉਂਦਾ ਹੈ। ਫੇਰ ਤਾਂ ਏਸ ਗਿਆਨ ਪ੍ਰਚੰਡੀ ਗਿਆਨ ਖੰਡ ਦੇ ਉਘਾੜ ਹੋਣ ਪਰ ਇਹ ਸਾਰੇ ਦ੍ਰਿਸ਼ਟਮਾਨ ਖੰਡ ਮੰਡਲ ਬ੍ਰਹਿਮੰਡ ਭੀ ਜੋਤਿ ਜਲਵੰਨੇ ਹੋ ਜਾਂਦੇ ਹਨ। ਜਿਸ ਪਰਕਾਰ ਸਰੀਰ ਦੇਹੀ ਵਿਚੋਂ ਜੀਵ ਆਤਮਾ ਦੇ ਜੁਦਾ ਹੋ ਜਾਣ ਪਰ ਜੀਵ ਆਤਮਾ ਅਜਿਹੇ ਰੂਹਾਨੀ ਕੁੱਰੇ (sphere or region) ਵਿਚ ਜਾ ਪਰਵੇਸ਼ ਕਰਦਾ ਹੈ, ਜਿਸ ਦੀ ਮਾਹੀਅਤ ਉਹ ਸਰੀਰ ਪਰਵਾਜ਼ ਕੀਤੀ ਆਤਮਾ ਹੀ ਜਾਣਦੀ ਹੈ। ਸਥੂਲ ਦ੍ਰਿਸ਼ਟੀ ਵਾਲਿਆਂ ਨੂੰ ਤਾਂ ਨਾ ਉਹ ਆਤਮਾ ਸਰੀਰ ਵਿਚੋਂ ਪਰਵਾਜ਼ ਹੋਈ ਦਿਸਦੀ ਹੈ, ਨਾ ਹੀ ਉਹ ਆਤਮ ਮੰਡਲ ਦਿਸ਼ਦਾ ਹੈ, ਜਿਸ ਵਿਚ ਕਿ ਉਹ ਰੂਹ ਪਰਵੇਸ਼ ਕਰ ਗਈ ਹੁੰਦੀ ਹੈ। ਕੇਵਲ ਉਹ ਪਰਲੋਕ-ਗਾਮੀ ਰੂਹ ਹੀ ਉਸ ਸਫ਼ੀਅਰ

(ਮੰਡਲ) ਦੀ ਗਹਿਣਗਤ ਨੂੰ ਜਾਣ ਸਕਦੀ ਹੈ। ਤਿਸੇ ਪ੍ਰਕਾਰ "ਗਿਆਨ ਖੰਡ ਮਹਿ ਗਿਆਨੁ ਪਰਚੰਡੁ" ਵਾਲੇ ਅਪਾਰ ਦਿਬ ਜੋਤਿ ਜਗਮਗੀ ਨਜ਼ਾਰੇ ਨੂੰ ਦਿਬ ਜੋਤਿ ਪ੍ਰਚੰਡੀਏ, ਗਿਆਨ ਖੰਡ ਪਰਵੇਸ਼ੀਏ ਪ੍ਰਚੰਡ ਗਿਆਨੀ, ਗੁਰਮੁਖ ਤੱਤ ਗਿਆਨੀ ਹੀ ਲਖ ਚਖ (ਮਾਣ) ਸਕਦੇ ਹਨ। "ਗਿਆਨ ਖੰਡ ਮਹਿ ਗਿਆਨੁ ਪਰਚੰਡੁ" ਦਾ ਨਜ਼ਾਰਾ ਅਤੀਅੰਤ ਹੀ ਅਨਦ ਬਿਨੋਦੀਆ ਬਿਸਮ ਅਨੰਦੀਆ ਹੁੰਦਾ ਹੈ, ਜਿਥੇ ਕਿ "ਤਿਥੈ ਨਾਦ ਬਿਨੋਦ ਕੋਡ ਅਨੰਦੁ" ਦੇ ਭਾਵ ਅਨੁਸਾਰ ਕੋਟਾਨ ਕੋਟ ਅਨੰਦ-ਮਈ ਬਿਸਮ-ਬਿਨੋਦੀ ਅਨਹਦ ਨਾਦ ਸੁਣਾਈ ਦੇਣ ਲਗ ਜਾਂਦੇ ਹਨ।

 www.sikhbookclub.com

## ੪

# ਸਰਮ ਖੰਡ

ਜਦ ਗਿਆਨ ਖੰਡ ਤੋਂ ਬਿਸਮ ਖੰਡ ਵਿਚ ਜਾ ਸਮਾਈ ਹੁੰਦੀ ਹੈ ਤਾਂ ਉਸ ਬਿਸਮ ਖੰਡ ਦਾ ਨਾਉਂ ਗੁਰਮਤਿ ਅਨੁਸਾਰ ਅਰਥਾਤ ਸਿਰੀ ਜਪੁਜੀ ਸਾਹਿਬ ਦੀ ਛਤੀਵੀਂ ਪਉੜੀ ਅਨੁਸਾਰ "**ਸਰਮ ਖੰਡ**" ਪਰਸਿੱਧ ਹੈ। ਇਹ ਬਿਸਮਾਦ ਜਨਕ ਅਤੇ ਅਨੂਪਮ ਮੰਡਲ ਹੈ। ਏਸ ਸਰਮ ਖੰਡ ਮੰਡਲ ਵਿਖੇ ਪਰਵੇਸ਼ਤਾ ਪਾ ਕੇ ਜੀਵਨ-ਮੁਕਤਿ ਗੁਰਮੁਖ ਜਨਾਂ ਨੂੰ (ਸਣਦੇਹ ਬਿਦੇਹ ਦੋਹਾਂ ਹਾਲਤਾਂ ਵਿਚ, ਅਰਥਾਤ ਇਸ ਲੋਕ ਵਿਚ ਰਹਿੰਦੇ ਭੀ ਅਤੇ ਉਸ ਪਾਰ ਲੋਕ ਵਿਚ ਜਾ ਕੇ ਭੀ) ਪਰਮ ਅਦਭੁਤ ਅਨਹਦਾਰੇ ਆਤਮ ਆਨੰਦ ਪ੍ਰਾਪਤ ਹੁੰਦੇ ਹਨ।

ਯਥਾ : "ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ੩੬ ॥

ਭਾਵ ਸਰਮ ਖੰਡ ਵਿਖੇ ਪਰਵੇਸ਼ਤਾ ਪਾ ਕੇ ਇਹ ਵਰਤਾਰਾ ਵਰਤਦਾ ਹੈ ਕਿ ਅਨਹਦ ਨਾਦੀ ਬਿਸਮਾਦ ਆਨੰਦ ਦਾ ਅਗਾਧ ਸੁਆਦ ਚੱਖ ਕੇ ਸਰਮ ਖੰਡ ਪਰਵੇਸ਼ੀਆਂ ਰੂਹਾਂ ਰਸ-ਜੋਤਿ ਮਖ਼ਮੂਰ ਹੋ ਕੇ ਨੂਰੋ ਨੂਰ ਹੋ ਜਾਂਦੀਆਂ ਹਨ। ਤਿਨ੍ਹਾਂ ਦਿੱਬ ਕਰਾਂਤੀ ਲਤਾਫ਼ਤੀ ਰੂਹਾਂ ਦੇ ਅਤਿ ਸੂਖਮ ਨੂਰਾਨੀ ਸਰੂਪ ਬਿਚੱਖਣੀ ਜਾਮਿਆਂ ਦੀ ਝਾਲ ਨਹੀਂ ਝੱਲੀ ਜਾਂਦੀ, ਸੋ ਸਰਮ ਖੰਡ ਵਿਖੇ ਪੁਗੀ ਖਲੋਣ ਦੀ ਇਹ ਨਿਸ਼ਾਨੀ ਹੈ। ਤਿਥੈ ਪੁਗ ਖਲੋਏ ਗੁਰਮੁਖ ਜਨਾਂ ਦੇ ਜੋਤਿ ਰੂਹਾਨੀ ਜਾਮੇ ਅਤਿ ਅਨੂਪਮ ਸੁੰਦਰ ਸਰੂਪ ਸ਼ਾਲੇ ਹੋ ਜਾਂਦੇ ਹਨ, ਅਤੇ ਸਰਮ ਖੰਡ ਦੇ ਪਰਖਣ ਦੀ ਇਹੋ ਨਿਸ਼ਾਨੀ ਹੈ ਕਿ ਤਿਥੈ ਬਿਸਮ ਸੁੰਦਰਤਾ ਸਰੂਪੀ ਰੂਪ ਅਨੂਪੀ ਨੂਰ ਹੀ ਨੂਰ ਵਰਸਦਾ ਹੈ। ਤਿਥੈ (ਸਰਮ ਖੰਡ ਵਿਖੇ) ਰੂਹ ਜੋਤਿ ਜਾਮਿਆਂ ਦੀ ਰੂਪ ਬਿਚੱਖਣੀ ਕਾਇਆਂ ਪਲਟ ਹੋ ਜਾਂਦੀ ਹੈ। ਨਵ ਜੀਵਣੀ ਨਵ ਜੋਤਨੀ ਜੋਬਨਾਂ ਦੀਆਂ ਅਦਭੁਤ ਅਤੇ ਅਤਿ ਅਨੂਪਮ ਨਵਲ ਘਾੜਤਾਂ ਘੜੀਆਂ ਜਾਂਦੀਆਂ ਹਨ। ਤਾ ਕੀਆਂ ਗੱਲਾਂ ਕਥੀਆਂ ਹੀ ਨਹੀਂ ਜਾ ਸਕਦੀਆਂ।

ਜੇ ਕੋਈ ਕਹਿਣ ਕਥਨ ਦੀ ਮਨ ਮਤਸਰੀ ਹਮਾਕਤ ਕਰਦਾ ਭੀ ਹੈ, ਉਹ ਸ਼ਰਮਿੰਦਾ ਹੁੰਦਾ ਹੈ ਅਤੇ ਪਿਛੋਂ ਪਛਤਾਉਂਦਾ ਹੈ, ਕਿਉਂਕਿ ਉਹ ਤਿਸ ਸਰਮ ਖੰਡ ਦੀ ਪੂਰੀ ਹੂਬਹੂ ਤਸ਼ਬੀਹ ਉਤਾਰਨੋਂ (ਕਥਨੀ ਕਰਕੇ) ਕਾਸਰ ਰਹਿੰਦਾ ਹੈ। ਤਾਂ ਤੇ ਉਸ ਨੂੰ ਸ਼ਰਮਿੰਦਗੀ ਹੀ ਉਠਾਉਣੀ ਪੈਂਦੀ ਹੈ। ਤਿਥੈ (ਸਰਮ ਖੰਡ ਵਿਖੇ) ਅੰਤਸ਼ਕਰਣ ਦੀ ਸੁਰਤੀ, ਮਤਿ ਬੁਧ ਬਦਲ ਕੇ ਨਵ ਜੋਤਿ ਜਲਵਨ ਸਦ ਨਵ-ਕਰਾਂਤਨੀ ਹੋ ਜਾਂਦੀ ਹੈ। ਮੁੜ ਕੇ ਨਵੀਂ ਟਕਸਾਲ ਵਿਚ ਘੜੀ ਜਾਂਦੀ ਹੈ। ਨਵਲ ਜੋਤਿ ਲਤਾਫ਼ਤੀ ਸੰਚੇ ਵਿਚ ਘੜੀ ਜਾ ਕੇ ਅਰਸ਼ਾਂ ਕੁਰਸਾਂ ਵਾਲੀ ਸ਼ਬਦ ਜੋਤਿ ਵਿਗਾਸਨੀ ਸੁਰਤੀ ਹੋ ਜਾਂਦੀ ਹੈ। ਪਰਮ ਪਰਮਾਰਥੀ ਕੋਮਲਤਾ ਵਾਲੀ ਮਤਿ ਸੁਮਤਿ ਪਲਟ ਜਾਂਦੀ ਹੈ ਅਤੇ ਪਰਮ ਸੂਖਮ ਮੰਡਲਾਂ ਵਾਲੀ ਸੁੰਦਰ ਸ਼ਬਦ ਸੁਰਤਨੀ ਸੁਬੁਧੀ ਹੋ ਜਾਂਦੀ ਹੈ। ਤਿਨ੍ਹਾਂ ਗੁਰਮੁਖ ਜਨਾਂ ਦੀ ਸਰਮ ਖੰਡ ਵਿਖੇ ਸਮਾਈ ਹੋਇ ਆਂਵਦੀ ਹੈ, ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਪੰਨੇ ਪਾਇ ਲਿਆ ਹੁੰਦਾ ਹੈ। ਦਰ ਢਠਿਆਂ, ਦਰ ਪੁਜਿਆਂ (ਪੰਨੇ ਪੈ ਚੁਕਿਆਂ) ਦੀ ਪੈਜ ਆਪ ਪ੍ਰੀਤਮ ਪ੍ਰਭੂ ਪਾਲਦਾ ਹੈ, ਤਿਨ੍ਹਾਂ ਅਪਣਾਇਆਂ ਹੋਇਆਂ, ਪੰਨੇ ਪੈ ਚੁਕੇ ਗੁਰਮੁਖ ਜਨਾਂ ਦੀ ਆਪੇ ਹੀ ਨਿਰੰਕਾਰ ਨਾਰਾਇਣ ਨੂੰ ਸਰਮ ਪੈ ਜਾਂਦੀ ਹੈ ਅਤੇ ਸਰਮ ਪਈ ਪਾਲਣੀ ਪੈਂਦੀ ਹੈ। ਯਥਾ:

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥੧੧॥ [ਬਾਰਹਮਾਹਾ ਮਾਝ

ਦਰ ਪਰਵਾਨ ਹੋਏ ਤੇ ਅਪਣਾਏ ਹੋਏ ਵਾਹਿਗੁਰੂ ਦੇ ਸਰਮ ਪਾਤਰਾਂ ਦਾ ਖੰਡ ਹੋਣ ਕਰਕੇ ਹੀ ਇਸ ਖੰਡ ਦਾ ਨਾਉਂ **ਸਰਮ ਖੰਡ** ਹੈ। ਸਰਮ ਖੰਡ ਵਿਚ ਅਕਾਲੀ ਜਲਾਲ ਦਿਬ ਜਮਾਲ ਮਈ ਰੂਪ (ਸੁੰਦਰਤਾ) ਦੀ ਪ੍ਰਧਾਨਤਾ ਹੈ। ਬਾਣੀ ਦੇ ਅਰਥ ਪ੍ਰਧਾਨਤਾ ਹੈ। ਇਸੇ ਲਈ ਉਚਾਰਨ ਹੋਇਆ ਹੈ ਕਿ "ਸਰਮ ਖੰਡ ਕੀ ਬਾਣੀ ਰੂਪੁ।"

ਸਰਮ ਖੰਡ ਵਿਖੇ ਪੁਗ ਖਲੋਏ ਸੁਰਤੀਸ਼ਰੀ ਗੁਰਮੁਖ ਜਨਾਂ ਦੀ ਸੁਰਤੀ ਜਦ ਅਜਿਹੀ ਪੱਕ ਜਾਂਦੀ ਹੈ, ਉਹ ਓਦੂੰ ਹਿਠਾਹਾਂ ਨਹੀਂ ਆਉਂਦੇ ਅਤੇ ਸੁਰਤੀ ਉਹਨਾਂ ਦੀ ਜਦ ਅਜਿਹੀ ਬਲਵਾਨ ਹੋ ਜਾਂਦੀ ਹੈ ਕਿ ਸੁਤੇ ਸਿੱਧ ਹੀ ਤਿਨ੍ਹਾਂ ਦੀ ਸੁਰਤਿ ਅਧੀਨਤਾ ਅੰਦਰ ਸਭ ਕਿਛ ਹੀ ਵਸਗਤਿ ਆ ਜਾਂਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥<br>
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ ੧ ॥

[ਧਨਾਸਰੀ ਮ: ੫, ਪੰਨਾ ੬੮੦

ਸਰਮ ਪੈਣ, ਅਰਥਾਤ ਅਕਾਲ ਪੁਰਖ ਦੀ ਪ੍ਰਸੰਨਤਾ ਦੇ ਭਾਗੀ ਹੋਣ ਪਰ ਹੀ ਉਹ ਗੁਰਮੁਖ ਪਰਮਾਤਮਾ ਦੀ ਨਦਰ ਮਿਹਰ ਦੇ ਪਾਤਰ ਬਣਦੇ ਹਨ।

 www.sikhbookclub.com

ਪ

# ਕਰਮ ਖੰਡ

ਤਦ ਅਜਿਹੇ ਆਤਮ-ਜਿਤ ਬਲੀ ਸੂਰਮੇ ਗੁਰਮੁਖ ਜਨ ਦਾ ਪਰਵੇਸ਼ ਨਦਰ ਖੰਡ ਅਰਥਾਤ ਕਰਮ ਖੰਡ ਵਿਖੇ ਹੋ ਜਾਂਦਾ ਹੈ। ਕਰਮ ਖੰਡ ਨਦਰ ਬਖ਼ਸ਼ਿਸ਼ ਫ਼ਜ਼ਲ ਦਾ ਖੰਡ ਹੈ। ਤਿਥੈ ਤਿਨ੍ਹਾਂ ਬੇਅੰਤ ਬਖ਼ਸ਼ੀਆਂ ਗਈਆਂ ਰੂਹਾਂ ਦਾ ਵਾਸਾ ਹੈ ਜੋ ਅਕਾਲ ਪੁਰਖ ਦੇ ਖ਼ਾਸ ਨਦਰ ਮਿਹਰ ਦੇ ਪਾਤਰ ਹੋਏ ਹਨ। ਇਹ ਨਦਰ ਮਿਹਰਾਂ ਨਾਲ ਨਿਹਾਲੋ ਨਿਹਾਲ ਹੋਏ ਕਰਮਵੰਤ, ਖ਼ਾਸੁਲ ਖ਼ਾਸ, ਮਨਜ਼ੂਰੇ ਨਜ਼ਰ ਮਹਾਂਪੁਰਖ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਮਹਾਂ ਸ਼ਕਤੀ ਨਾਲ ਸਦਾ ਸਰਸ਼ਾਰ ਰਹਿੰਦੇ ਹਨ। ਮਹਾਂ ਤੇਜਵੰਤ, ਮਹਾਂ ਜੋਤਿਵੰਤ ਤਿਨ੍ਹਾਂ ਦੀ ਕ੍ਰਾਂਤ ਹੈ। ਸੋ ਕਰਮ ਖੰਡ ਵਿਖੇ ਨਿਰਾ ਜੋਤਿ ਜੋਤੰਨਾ, ਜੋਤਿ ਰਤੰਨਾ, ਜੋਤਿ ਸ਼ਕਤੰਨਾ ਤੇਜੁ ਬਲੁ (ਜੋਰੁ) ਹੀ ਵਿਦਮਾਨ ਤੇ ਪ੍ਰਧਾਨ ਹੈ। ਤਿਥੈ (ਕਰਮ ਖੰਡ ਵਿਖੇ) ਸ਼ਬਦ ਅਨਹਦਾਣੇ ਨੈਸਾਣ ਬਲ ਤੇਜ ਬਿਨਾਂ ਹੋਰ ਕਿਸੇ ਚੀਜ਼ ਦੀ ਸਮਾਈ ਨਹੀਂ। ਤਿਥੈ ਜੋਧ ਮਹਾਂ ਬਲ ਸੂਰਿਆਂ, ਜੋਤਿ ਤੇਜ ਰੰਗ ਰਤੜੇ ਭਗਤ ਰਸਾਲਿਆਂ ਬਿਨਾਂ ਹੋਰ ਕਿਸੇ ਦਾ ਵਾਸਾ ਨਹੀਂ ਹੋ ਸਕਦਾ, ਤਿਨ੍ਹਾਂ ਜੋਧ ਮਹਾਂ ਬਲ ਸੂਰਿਆਂ ਅੰਦਰ ਸਰਬ ਸ਼ਕਤੀਮਾਨ ( Almighty ) ਰਮਤ ਰਾਮ ਅਕਾਲ ਪੁਰਖ ਵਾਹਿਗੁਰੂ ਹੀ ਨਕਾ-ਨਕ ਭਰਪੂਰ ਹੈ। ਜੋਤਿ ਤੇਜ ਸ਼ਕਤੰਨਾ ਹੋ ਕੇ ਸਰਬ ਸ਼ਕਤ ਸੰਪੰਨਾ ਹੋ ਕੇ ਭਰਪੂਰ ਹੈ। ਤਾਂ ਹੀ ਤੇ ਤਿਥੈ (ਕਰਮ ਖੰਡ) ਦੇ ਵਾਸੀ ਜੋਧ ਮਹਾਂ ਬਲ ਸੂਰ ਹਨ। ਤਿਥੈ (ਕਰਮ ਖੰਡ ਵਿਖੇ) ਵਸਣਹਾਰੀਆਂ ਰੂਹਾਂ (ਸੀਤਾ ਦੇ ਅਰਥ ਰੂਹਾਂ ਹਨ) ਅਕਾਲ ਪੁਰਖ ਦੀ ਮਹਿਮਾ ਵਿਚ ਸੀਤੀਆਂ ਪ੍ਰੋਤੀਆਂ ਰਹਿੰਦੀਆਂ ਹਨ, ਜਿਨ੍ਹਾਂ ਦੇ ਦਿਬ ਮੂਰਤਿ ਮਹਾਂ ਅਨੂਪ ਅਰੂਪ ਰੂਪ ਕਥੇ ਨਹੀਂ ਜਾਂਦੇ। ਤਿਨ੍ਹਾਂ ਨੂੰ ਕਾਲ ਨਹੀਂ ਪੋਹ ਸਕਦਾ, ਨਾ ਤਿਨ੍ਹਾਂ ਨੂੰ ਰਾਜ ਮਾਲ ਰੂਪ ਜਾਤ ਜੋਬਨ ਠਗਮੂਰੀਆ ਜਾਲ ਹੀ ਕੋਈ ਜੋਹ ਸਕਦਾ ਹੈ, ਕਿਉਂਕਿ ਉਹਨਾਂ ਦੇ ਅੰਤਰਿ ਆਤਮੇ ਸੁੰਦਰਤਾ ਦਾ ਜੋਤਿ ਚਸ਼ਮਾ, ਸੁੰਦਰਾਂ ਦਾ ਸੁੰਦਰ ਤੇਜਵੰਤ ਵਾਹਿਗੁਰੂ ਪ੍ਰਕਾਸ਼ਮਾਨ ਹੁੰਦਾ ਹੈ।

੬

# ਸਚ ਖੰਡ

ਕਰਮ ਖੰਡ ਵਾਸੀ ਰੂਹਾਂ ਸਚ ਖੰਡ ਦੀ ਨਿਕਟ ਹਜ਼ੂਰੀ ਵਿਚ ਸਨਮੁਖ ਸੌਹੇਂ ਰਹਿੰਦੀਆਂ ਹਨ। ਵਾਸਤਵ ਵਿਚ ਕਰਮ ਖੰਡ ਅਤੇ ਸਚ ਖੰਡ ਅਭੇਦ ਰੂਪ ਹੀ ਹਨ, ਇਸ ਕਰਕੇ ਕਰਮ ਖੰਡ ਅਤੇ ਸਚ ਖੰਡ ਸਿਰੀ ਜਪੁਜੀ ਸਾਹਿਬ ਦੀ ਇਕੋ ਪਉੜੀ ਅੰਦਰ ਇਕੱਠੇ ਹੀ ਦਰਸਾਏ (ਵਰਨਣ ਕੀਤੇ) ਗਏ ਹਨ।

ਯਥਾ: "ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾ ਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰਿ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥"

ਤਾਂ ਤੇ ਇਸ ਸੈਂਤੀਵੀਂ ਪਉੜੀ ਅੰਦਰ ਹੀ ਕਰਮ ਖੰਡ ਅਤੇ ਸਚ ਖੰਡ ਦੋਹਾਂ ਦਾ ਨਿਰਣਾ ਨਿਰਣਤ ਹੈ। ਕਰਮ ਖੰਡ ਦਾ ਦਰਵਾਜ਼ਾ ਸਚਖੰਡ ਦੀ ਅਤੀ ਨਿਕਟ ਸਮੀਪਤਾ ਵਿਚ ਸੌਹੇਂ ਸਨਮੁਖ ਹੀ ਖੁਲ੍ਹਾ ਹੈ। ਕਰਮ ਖੰਡ ਵਾਸੀ ਭਗਤ ਜਨ ਸਚ ਖੰਡ ਸੌਹੇਂ ਹੁੰਦੇ ਹੋਏ ਇਕ ਪ੍ਰਕਾਰ ਸਚ ਖੰਡ ਦਾ ਹੀ ਰਸ ਮਾਣਦੇ ਹਨ, ਅਰਥਾਤ ਜੁਗਤੀ ਕਰਕੇ ਉਨ੍ਹਾਂ ਦੀ ਸਚ ਖੰਡ ਵਿਚ ਪਹੁੰਚ ਹੁੰਦੀ ਹੈ। ਸੋ "ਤਿਥੈ ਭਗਤ ਵਸਹਿ ਕੇ ਲੋਅ" ਵਾਲੀ ਤੁਕ ਕਰਮ ਖੰਡ ਅਤੇ ਸਚ ਖੰਡ ਦੀ ਦੇਹੁਰੀ ਦੀਪਕ ਸਾਂਝੀ ਹੀ ਸਾਂਝਤਾ ਰਖਦੀ ਹੈ। ਸਚ ਖੰਡ ਵਾਸੀ ਭਗਤ ਰਸਾਲਿਆਂ ਦੇ ਭੀ ਬੇਅੰਤ ਲਸ਼ਕਰ ਪਰਵਾਰ ਹਨ, ਜਿਨ੍ਹਾਂ ਦਾ ਸ਼ੁਮਾਰ ਪਾਰਾਵਾਰ ਨਹੀਂ। ਏਹ 'ਕੇ ਲੋਈ' ਭਗਤ ਜਨ ਸਚੇ ਵਾਹਿਗੁਰੂ ਦੀ ਪਰਮ ਆਨੰਦ-ਮਈ ਭਗਤੀ ਦਾ ਮਹਾਂ ਰਸ ਮਾਣਿ ਮਾਣਿ ਸਦਾ ਕੌਤੂਹਲ ਕਰਦੇ ਰਹਿੰਦੇ ਹਨ, ਕਿਥੇ? ਜਿਥੈ ਸਚਾ ਨਿਰੰਕਾਰ ਸਚਖੰਡ ਵਿਚ ਵਸਦਾ ਹੈ ਅਤੇ ਨਦਰੀ ਨਦਰ ਨਿਹਾਲਨੀ ਦ੍ਰਿਸ਼ਟੀ ਕਰਿ ਕਰਿ ਆਪਣੇ ਭਗਤ ਜਨਾਂ ਨੂੰ ਵੇਖਿ ਵੇਖਿ ਵਿਗਸਦਾ

ਹੈ । ਤਿਥੈ ਸਚ ਖੰਡ ਤੋਂ ਸਾਰੇ ਬੇਅੰਤ ਖੰਡ ਮੰਡਲ ਵਰਭੰਡਾਂ ਦਾ ਨਜ਼ਾਰਾ ਪ੍ਰਗਟ ਪਹਾਤੇ ਦਿਸਦਾ ਹੈ । ਸਮੂਹ ਖੰਡ ਮੰਡਲ ਬ੍ਰਹਿਮੰਡ ਅਕਾਲ ਪੁਰਖ ਦੇ ਬੈਰਾਟ ਸਰੂਪ ਵਜੂਦ ਵਿਚ ਹੀ ਸਮਾਏ ਹੋਏ ਹਨ । ਭਿੰਨ ਹੁੰਦੇ ਹੋਏ ਭੀ ਅਭਿੰਨ ਨਜ਼ਰੀਂ ਆਂਵਦੇ ਹਨ । ਇਤਨੇ ਅਨੇਕਾਂ ਖੰਡ ਮੰਡਲ ਬ੍ਰਹਿਮੰਡ ਦਿਸਦੇ ਹਨ ਕਿ ਜਿਨ੍ਹਾਂ ਨੂੰ ਜੇ ਕੋਟੀ ਕਥਨ ਲਗੇ ਤਾਂ ਅੰਤ ਨਹੀਂ ਆਉਂਦਾ । ਤਿਨ੍ਹਾਂ ਦੇ ਅੰਤ ਦਾ ਭੀ ਅੰਤ ਨਹੀਂ ਆਉਂਦਾ । ਨਿਰੰਕਾਰ ਦੀ ਰਚਨਾ ਅੰਦਰ ਬੇਅੰਤ ਲੋਆਂ ਦੀਪਾਂ ਮੰਡਲਾਂ ਦੀ ਸਾਕਾਰ ਅਤੇ ਨਿਰਾਕਾਰੀ ਰਚਨਾ ਪਰੇ ਤੋਂ ਪਰੇ ਹੈ । ਜਿਵੇਂ ਜਿਵੇਂ ਸਚੇ ਨਿਰੰਕਾਰ ਪਰੀਪੂਰਨ ਪਰਮਾਤਮਾ ਦਾ ਹੁਕਮ ਹੈ ਤਿਵੇਂ ਤਿਵੇਂ ਇਹ ਨਿਰਾਕਾਰੀ ਸਾਕਾਰੀ ਰਚਨਾ ਦੀ ਕਾਰ ਹੋਈ ਹੈ, ਅਤੇ

"ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ੧ ॥"*

ਦੇ ਗੁਰਵਾਕ ਅਨੁਸਾਰ ਆਪਣੀ ਰਚਨਾ ਨੂੰ ਵੇਖ ਵੇਖ ਅਤੇ ਵੀਚਾਰ ਵੀਚਾਰ ਰਚਨਹਾਰ ਕਰਤਾਰ ਨਿਰੰਕਾਰ ਵਿਗਸਦਾ ਹੈ । ਸਚ ਖੰਡ ਵਾਸੀ ਭਗਤ ਜਨ ਭੀ ਇਸ ਸਾਰੀ ਅਦਭੁਤ ਰਚਨਾ ਨੂੰ ਬਿਸਮਾਦ ਰੰਗਾਂ ਵਿਚ ਵੇਖ ਵੇਖ ਵਿਗਸਦੇ ਹਨ, ਪਰ ਇਸ ਨੂੰ ਕਥਨੀ ਦੁਆਰਾ ਆਖਣ ਭਾਖਣ ਦੀ ਕੁਦਰਤਿ ਨਹੀਂ ਰਖਦੇ, ਕਿਉਂਕਿ ਇਸ ਤੱਤ ਸਾਰ ਕਥਨਾਰ ਦਾ ਕਥਨ ਅਤੀਅੰਤ ਹੀ ਕਰੜਾ, ਬੜਾ ਹੀ ਔਖਾ ਹੈ ।

"ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥੩੭॥"

ਦੇ ਭਾਵ ਦੀ ਐਨ ਅਨਕੂਲਤਾ ਦੇ ਭਾਵ ਵਾਲਾ ਪ੍ਰੂੜ੍ਹਤਾ ਪੂਰਬਕ ਹੇਠ ਲਿਖਿਆ ਗੁਰਵਾਕ ਹੈ । ਯਥਾ :

ਸਹਜ ਸਿਫਤਿ ਭਗਤਿ ਤਤੁ ਗਿਆਨਾ ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥
ਅਨਭਉ ਨਗਰੁ ਤਹਾ ਸਦ ਵਸੈ ॥ ੬ ॥
ਤਹ ਭਉ ਭਰਮਾ ਸੋਗੁ ਨ ਚਿੰਤਾ ॥
ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨੰਹਤ ਆਖਾਰੇ ॥
ਭਗਤ ਵਸਹਿ ਕੀਰਤਨ ਆਧਾਰੇ ॥ ੭ ॥

* ਆਸਾ ਦੀ ਵਾਰ ਮ: ੧, ਪੰਨਾ ੪੬੩

 www.sikhbookclub.com

ਪਾਰਬ੍ਰਹਮ ਕਾ ਅੰਤੁ ਨ ਪਾਰੁ ॥
ਕਉਣੁ ਕਰੈ ਤਾ ਕਾ ਬੀਚਾਰੁ ॥
ਕਹੁ ਨਾਨਕ ਜਿਸੁ ਕਿਰਪਾ ਕਰੈ ॥
ਨਿਹਚਲ ਥਾਨੁ ਸਾਧ ਸੰਗਿ ਤਰੈ ॥ ੮ ॥

[ਗਉੜੀ ਮ: ੫, ਪੰਨਾ ੨੩੭

ਇਹ ਸਭ ਸਚ ਖੰਡ ਦਾ ਵਰਨਣ ਹੈ । ਤਿਥੈ (ਸਚ ਖੰਡ ਵਿਖੇ) ਸਦਾ ਹੀ ਸਹਿਜ ਸਿਫ਼ਤ ਸਾਲਾਹ ਦੇ ਪ੍ਰਵਾਹ ਚਲਦੇ ਰਹਿੰਦੇ ਹਨ, ਤਿਥੈ ਹੀ ਸਚੀ ਭਗਤੀ ਦਾ ਤੱਤ ਗਿਆਨ-ਮਈ ਆਨੰਦ ਆਵੰਦਾ ਹੈ । ਸਚੇ ਆਨੰਦ ਸਦਾ ਆਨੰਦ ਦੀ ਮੌਜ ਬਹਾਰ ਤਿਥੈ ਸਦਾ ਹੀ ਬਣੀ ਰਹਿੰਦੀ ਹੈ, ਤਦੇ ਹੀ ਇਹ ਸਚ ਖੰਡ ਅਸਥਾਨ ਸਦੀਵੀ ਅਨੰਦ ਮਈ ਸਦਾ ਨਿਹਚਲ ਥਾਨੁ ਹੈ । ਅਰਥਾਤ, ਤਿਸ ਅਸਥਾਨ, ਤਿਸ ਨਿਹਚਲ ਸਚ ਥਾਨ ਸਚ ਖੰਡ ਵਿਖੇ ਸਦਾ ਹੀ ਸਤਿਸੰਗੁ, ਸਚਾ ਸਤਿਸੰਗ ਬਣਿਆ ਰਹਿੰਦਾ ਹੈ । ਸਚ ਖੰਡ ਦੀ ਤਿਸ ਸਚੀ ਸਾਧ ਸੰਗਤ ਵਿਚ ਸਦਾ ਹੀ ਰਸਾਲ ਗੁਣਾਂ ਦਾ ਅੰਮ੍ਰਿਤ ਝਰਨਾ ਝਰਦਾ ਰਹਿੰਦਾ ਹੈ । ਤਿਥੈ ਭਗਤ ਰਸਾਲਿਆਂ ਦਾ ਅਨਭਉ ਨਗਰ ਅਖੈ ਨਿਹਚਲਾ ਸੰਯੁਕਤਾ ਵਸਿਆ ਰਸਿਆ ਹੋਇਆ ਹੈ । ਇਸ ਅਗੰਮੀ ਦਿਬ ਮੰਡਲ, ਮੁਜੱਸਮ ਜੋਤਿ-ਤੇਜਸ੍ਵੀ ਨਗਰ ਦੇ ਨਿਵਾਸੀਆਂ ਭਗਤਾਂ ਨੂੰ ਨਿਰੰਕਾਰ ਵਾਹਿਗੁਰੂ ਦਾ ਸਦਾ ਸਨਮੁਖੀ ਦੀਦਾਰ, ਸਾਕਸ਼ਾਤਕਾਰ ਅਨਭਉ ਦਿਬ ਦਰਸਾਰ ਬਣਿਆ ਹੀ ਰਹਿੰਦਾ ਹੈ । ਤਾਂ ਹੀ ਤੇ ਇਹ ਸਚਖੰਡ ਨਿਰੰਕਾਰ ਦਾ ਸਾਕਸ਼ਾਤ ਅਨਭਉ ਨਗਰ ਹੈ । ਤਿਸ ਸਚਖੰਡੀ ਅਨਭਉ ਨਗਰ ਵਿਖੇ ਨਾ ਭਉ ਹੈ ਨਾ ਤਿਥੈ ਕਦੇ ਮਉਤ ਹੈ । ਮਉਤ (ਮਿਰਤ) ਤਿਥੈ ਕਦੇ ਹੁੰਦੀ ਹੀ ਨਹੀਂ । ਤ੍ਰੈਗੁਣੀ ਭਉ ਭਰਮ, ਸੋਗ ਚਿੰਤਾ ਅਤੇ ਆਵਾਗਉਣ ਦੇ ਸਿਲਸਿਲੇ ਦਾ ਤਿਥੈ ਨਮੂਦ ਹੀ ਨਹੀਂ । ਤਿਥੈ (ਸਚਖੰਡ ਵਿਖੇ) ਸਦਾ ਅਨੰਦ ਅਨਹਤ ਅਖਾੜੇ ਭਗਤ ਜਨਾਂ ਦੇ ਸਸ਼ੋਭਤ ਹੀ ਰਹਿੰਦੇ ਹਨ । ਤਿਨ੍ਹਾਂ ਆਨੰਦ ਅਨਹਤ ਅਖਾੜਿਆਂ ਵਿਖੇ—

"ਕਰੈ ਅਨੰਦੁ ਅਨੰਦੀ ਮੇਰਾ ॥
ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥'
ਸਿਰਿ ਸਾਹਾ ਕੈ ਸਚਾ ਸਾਹਿਬੁ
ਅਵਰੁ ਨਾਹੀ ਕੋ ਦੂਜਾ ਹੇ ॥ ੧ ॥"*

ਦਾ ਅਨੰਦ ਮਗਨੀ ਦਰਸ-ਝਾਕਾ ਹਜ਼ੂਰ ਆਬਾਦਾਨੀ ਮਾਅਮੂਰ ਜਨਾਂ ਨੂੰ ਸਿਫ਼ਤ ਸੁਆਲਿਉ ਸਰੂਪ ਮਈ ਕੀਰਤਨ ਕੌਤੂਹਲਤਾ ਵਿਚ ਸਦਾ ਮਖ਼ਮੂਰ ਰਖਦਾ ਹੈ ।'

* ਮਾਰੂ ਸੋ: ਮ: ੫, ਪੰਨਾ ੧੦੭੩

ਤਿਥੈ ਦੇ ਵਾਸੀ ਭਗਤ ਜਨ ਕੇਵਲ ਕੀਰਤਨ ਆਧਾਰ ਦੁਆਰਾ ਹੀ ਵਸ ਰਸ ਕੇ ਜੀਵੰਦੇ ਹਨ। ਤਿਥੈ ਦੇ ਵਾਸੀਆਂ ਨੂੰ ਵਾਸਤਵ ਵਿਚ ਅਸਲੀਅਤ ਅੰਤ੍ਰੀਵੀ ਅਰਥਾਂ ਵਿਚ "ਪਾਰਬ੍ਰਹਮ ਕਾ ਅੰਤੁ ਨ ਪਾਰੁ"† ਦੇ ਤੱਤ ਗਿਆਨ ਕਾ ਇਨਕਸ਼ਾਫ਼ ਹੁੰਦਾ ਹੈ। ਸਚ ਖੰਡ ਵਾਸੀਆਂ ਦੀ ਅਨਭਵ-ਇਨਕਸ਼ਾਫੀ ਦਿੱਬ-ਦ੍ਰਿਸ਼ਟ ਹੀ ਪਾਰਬ੍ਰਹਮ ਦੀ ਬੇਅੰਤਤਾ ਅਤੇ ਪਾਰਸ-ਪ੍ਰਭਾ ਨੂੰ ਸਾਂਗੋ ਪਾਂਗ ਲਖ ਸਕਦੀ ਹੈ। ਸਚਖੰਡ ਵਾਸੀਆਂ ਨੂੰ ਵਾਹਿਗੁਰੂ ਨਿਰੰਕਾਰ ਸਚਖੰਡ ਵਿਚ ਸਾਮਰਤਖ ਦਰਸ਼ਨੈਂ ਵਿਚ ਵਸਦਾ ਹੋਇਆ, ਸਰਬ ਵਿਆਪਕਤਾ ਦੀ ਬੇਅੰਤਤਾ ਵਿਚ ਰਮਿਆ ਹੋਇਆ ਪਰਤੱਖ ਜਲਵਾਗਰ ਦਿਸਦਾ ਹੈ। ਤਿਨ੍ਹਾਂ ਨੂੰ ਹੀ ਇਕ-ਦੇਸੀ ਅਤੇ ਸਰਬ-ਦੇਸੀ ਪ੍ਰਮਾਤਮਾ ਦਾ ਰਵਣ ਭੇਦ ਅਤੇ ਪਾਰਬ੍ਰਹਮ ਦੀ ਜੋਤਿ-ਜਲਵਣੀ ਬੇਅੰਤਤਾ ਦਾ ਜ਼ਹੂਰ ਆਸ਼ਕਾਰ ਹੁੰਦਾ ਹੈ, ਨਹੀਂ ਤਾਂ ਤਿਨ੍ਹਾਂ ਬਿਨਾਂ "ਕਉਣੁ ਕਰੈ ਤਾ ਕਾ ਬੀਚਾਰੁ"। ਅਲਪੱਗ ਗਿਆਨ-ਬੀਚਾਰੀਆਂ ਤੋਂ ਸਰਬੱਗ ਪਰਮਾਤਮਾ ਪਾਰਬ੍ਰਹਮ ਦੀ ਬੀਚਾਰ ਹੋ ਹੀ ਨਹੀਂ ਸਕਦੀ। ਕਰੇ ਤਾਂ ਕਉਣ ਕਰੇ, ਬਿਨਾ ਸਚਖੰਡ ਪੁਗਾਂ-ਖਲੋਤੇ ਅਤੇ ਸਚਖੰਡ ਵਾਸੀ ਨਿਰੰਕਾਰ ਸੇਤੀ ਇਕ-ਮਿਕ ਹੋਏ ਜੀਵਨ ਮੁਕਤਿ ਭਗਤ ਜਨਾਂ ਦੇ, ਜਿਨ੍ਹਾਂ ਉਤੇ ਗੁਰੂ ਨਾਨਕ ਸਾਹਿਬ ਦੀ ਕਿਰਪਾ ਹੁੰਦੀ ਹੈ, ਸੋਈ ਇਸ ਨਿਹਚਲ ਥਾਨ ਸਚਖੰਡੀ ਸਾਧ ਸੰਗਤਿ ਦੇ ਤਾਰੂ-ਪਾਣ ਹੋ ਕੇ ਬੇਅੰਤਤਾ ਦੀ ਤੱਤ-ਪਰਮਾਰਥੀ ਹਕੀਕਤ ਮਾਅਰਫ਼ਤ ਦੇ ਜਾਣੂ (ਲਖਣਹਾਰੇ) ਹੁੰਦੇ ਹਨ।

---

†ਗਉੜੀ ਮ: ੫, ਪੰਨਾ ੨੩੭

੭

# ਨਿਰੰਕਾਰ ਸਚਖੰਡ ਵਸਦਾ ਭੀ ਸਰਬ ਵਿਆਪਕ ਹੈ

ਨਿਰੰਕਾਰ ਅਕਾਲ ਪੁਰਖ ਦਾ ਇਕ-ਦੇਸੀ ਹੋਣਾ ਅਤੇ ਸਰਬ ਵਿਆਪਕ ਹੋਣਾ, ਸਚਖੰਡ ਵਾਸੀ ਹੁੰਦੇ ਹੋਏ ਪਾਰਬ੍ਰਹਮ ਨਿਰੰਕਾਰ ਦਾ ਸਰਬ ਨਿਵਾਸੀ ਹੋਣਾ, ਇਸ ਇਲਾਹੀ ਭੇਦ (ਰਮਜ਼) ਨੂੰ ਨਿਰੰਕਾਰੀ ਲੋਕ ਸਚਖੰਡ ਦੀ ਗੰਮਤਾ ਵਾਲੇ ਭਗਤ ਜਨ ਹੀ ਜਾਣ (ਲਖ) ਸਕਦੇ ਹਨ। ਉਹ ਇਸ ਭੇਦ ਨੂੰ ਜਾਣਦੇ ਹੋਏ ਜਣਾਉਣ ਦੀ ਸਮਰੱਥਾ ਨਹੀਂ ਰਖਦੇ। ਸਰਬ ਵਿਆਪਕਤਾ ਦੇ ਮਸਲੇ ਦੀ ਕਿਆਸ-ਕਿਆਫ਼ਾ-ਮਾਤਰ ਮਾਅਕੂਲੀਅਤ ਦੇ ਕਾਇਲ ਅਕਸਰ ਅਕਲੱਈਏ ਫ਼ਲਸਫ਼ਾਦਾਨ ਇਸ ਗੱਲ ਤੋਂ ਮੁਨਕਰ ਹਨ ਕਿ ਕਰਤਾਰ ਸਿਰਜਨਹਾਰ ਦਾ ਕੋਈ ਖ਼ਾਸ ਇਕ ਦੇਸ ਸਚਖੰਡ ਨਾਮੇ ਤਬਕਾ ਭੀ ਹੈ, ਜਿਥੇ ਉਹ ਵਸਦਾ ਹੈ। ਸਚਖੰਡ ਵਾਸੀ ਹੋਣ ਕਰਕੇ ਉਹ ਆਖਦੇ ਹਨ ਕਿ ਨਿਰੰਕਾਰ ਸਰਬ ਵਿਆਪਕ ਪਰਮਾਤਮਾ ਇਕ-ਦੇਸੀ ਹੋ ਗਿਆ। ਬੱਸ, ਖ਼ਾਲਕ ਖ਼ਲਕ ਮਹਿ ਵਸਦਾ ਹੈ। ਕਾਦਰ ਕੁਦਰਤ ਦੀ ਰਚਨਾ ਵਿਚ ਹੀ ਵਿਆਪਿਆ ਅਤੇ ਸਮਾਇਆ ਹੋਇਆ ਹੈ। ਇਸ ਤੋਂ ਭਿੰਨ ਹੋਰ ਕਿਤੇ ਇਕ ਖ਼ਾਸ ਤਬਕੇ ਵਿਚ ਨਹੀਂ ਵਸਦਾ। ਖ਼ਾਲਕ ਨੂੰ ਖ਼ਲਕਤ ਤੋਂ ਨਿਆਰਾ ਨੌਵੇਂ ਦਸਵੇਂ ਅਸਮਾਨ ਵਿਚ ਇਕ-ਦੇਸੀ ਦਰਸਾਉਣਹਾਰੇ ਰਸੂਲ ਪੈਗੰਬਰ ਅਉਲੀਏ ਇਸ ਘੁੰਡੀ ਨੂੰ ਨਹੀਂ ਖੋਲ੍ਹ ਸਕੇ ਅਤੇ ਇਸ ਰਾਜ਼ੇ-ਹਕੀਕੀ ਨੂੰ ਹਲ ਕਰਨੋਂ ਕਾਸਰ ਹਨ ਕਿ ਦਸਵੇਂ ਅਸਮਾਨ ਵਿਚ ਵਸਦਾ ਹੋਇਆ ਕਾਦਰੇ ਮੁਤਲਕ ਖ਼ੁਦਾ ਕਿਵੇਂ ਆਪਣੀ ਕੁਦਰਤ ਕਾਇਨਾਤ ਵਿਚ ਭੀ ਵਸਦਾ ਹੈ। ਇਸ ਘੁੰਡੀ ਨੂੰ ਖੋਲ੍ਹਿਆ ਹੈ ਤਾਂ ਕੇਵਲ ਸਤਿਗੁਰੂ ਨਾਨਕ ਸਾਹਿਬ ਜੀ ਨੇ ਹੀ ਖੋਲ੍ਹਿਆ ਹੈ ਅਤੇ ਖੋਲ੍ਹ ਕੇ ਸਾਂਗੋ ਪਾਂਗ ਆਪਣੇ ਨਦਰ-ਕਰੰਮੀ ਸਿਖਾਂ ਨੂੰ ਦਰਸਾ ਦਿਤਾ ਹੈ। ਇਸ ਇਕੋ ਮਹਾਂ ਵਾਕੀ ਤੁਕ ਅੰਦਰ ਹੀ ਕੈਸਾ ਅਧਿਭੁਤ ਰਾਜ਼ ਅਫ਼ਸ਼ਾਨੀ ਨਿਸਤਾਰਾ ਕਰ ਦਿਖਾਇਆ ਹੈ :

> ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ
> ਸਭ ਘਟਿ ਘਟਿ ਰਾਮੁ ਰਵੀਜੈ ॥...੪॥

[ਕਲਿਆਨ ਮ: ੪, ਪੰਨਾ ੧੩੨੬

ਇਸ ਗੁਰ ਪ੍ਰਮਾਣ ਮਈ ਉਦਾਹਰਨ ਨੇ ਕੈਸੀ ਅਸਚਰਜ ਘੁੰਡੀ ਖੋਲ੍ਹੀ ਹੈ। ਅਹੱਲ ਰਾਜ਼ ਦਾ ਹੱਲ ਕਰ ਦਿਖਾਇਆ ਹੈ। ਸੂਰਜ ਇਕ ਥਾਉਂ ਹੁੰਦਾ

ਹੋਇਆ ਕਿਰਣਾਂ ਦੀ ਕ੍ਰਿਸ਼ਮਤਾ ਕਰਕੇ ਸਰਬ ਥਾਈਂ ਹੀ ਮਉਜੂਦ ਹੈ । ਸੂਰਜ ਦੀਆਂ ਬੇਅੰਤ ਕਿਰਣਾਂ ਜਿਥੇ ਜਿਥੇ ਭੀ ਪੈਂਦੀਆਂ ਹਨ, ਉਥੇ ਉਥੇ ਹੀ ਉਹਨਾਂ ਕਿਰਣਾਂ ਥਾਣੀ ਸੂਰਜ ਦਾ ਜ਼ਹੂਰ ਮਉਜੂਦ ਹੈ। ਸੂਰਜ ਦੀ ਇਕ ਕਿਰਣ ਭੀ ਜਿਥੇ ਪੈਂਦੀ ਹੈ ਉਥੇ ਹੀ ਸੂਰਜ ਜ਼ਹੂਰ ਪਜ਼ੀਰ ਹੈ । ਭਾਵੇਂ ਸੂਰਜ ਦੇ ਅਸਲੀ ਅਸਥਾਨ ਸਰੂਪ ਤੋਂ ਕਰੋੜਾਂ ਕੋਹਾਂ ਦੂਰ ਇਹ ਕਿਰਣ ਜਾ ਕੇ ਕਿਰਣਤ ਹੋਵੇ, ਪਰ ਇਸ ਕਿਰਣ ਦੁਆਰਾ ਤਿਥੇ ਹੀ ਸੂਰਜ ਜ਼ਹੂਰ ਪਜ਼ੀਰ ਹੈ । ਸਰਬ ਥਾਈਂ ਜਿਥੇ ਜਿਥੇ ਭੀ ਸੂਰਜ ਦੀਆਂ ਕਿਰਣਾਂ ਪਹੁੰਚਦੀਆਂ ਹਨ ਤਿਥੇ ਤਿਥੇ ਇਕੋ ਸੂਰਜ ਜ਼ਹੂਰ ਪਜ਼ੀਰ ਹੈ। ਇਕ-ਦੇਸੀ ਹੁੰਦਾ ਹੋਇਆ ਭੀ ਸਰਬ-ਦੇਸੀ ਹੈ ਤੇ ਇਸੇ ਕਿਰਣ ਕ੍ਰਿਸ਼ਮ ਕਰਕੇ ਹੈ । ਇਸੇ ਪ੍ਰਕਾਰ ਰਮਤ ਰਾਮ ਵਾਹਿਗੁਰੂ ਅਕਾਲ ਪੁਰਖ ਪਾਰਬ੍ਰਹਮ ਨਿਰੰਕਾਰ ਜੋਤਿ ਕਿਰਣ ਪ੍ਰਕਾਸ਼ੀ ਹੋਣ ਕਰਕੇ ਸਚਖੰਡ ਵਾਸੀ ਹੁੰਦਾ ਹੋਇਆ ਭੀ ਘਟਿ ਘਟਿ ਵਾਸੀ ਸਰਬ ਨਿਵਾਸੀ ਹੈ । ਇਹ ਸੂਰਜ ਤਾਂ ਏਹਨਾਂ ਦ੍ਰਿਸ਼ਟਮਾਨ ਅੱਖੀਆਂ ਦੁਆਰਾ ਦੀਹਦਾ ਹੈ, ਪਰ ਉਹ ਸੂਰਜਾਂ ਦਾ ਸੂਰਜ ਦਿਬ ਦ੍ਰਿਸ਼ਟੇ ਲੋਇਣਾਂ ਨੂੰ ਨਜ਼ਰ ਆਉਂਦਾ ਹੈ । ਏਸ ਸੂਰਜ ਨੂੰ ਤਾਂ ਇਹ ਪੰਜ-ਭੂਤਕ ਅੱਖੀਆਂ ਕੇਵਲ ਦਿਨ ਸਮੇਂ ਹੀ ਦੇਖ ਸਕਦੀਆਂ ਹਨ, ਉਸ ਸੂਰਜਾਂ ਸਿਰ ਸਚੇ ਸੂਰਜ ਨੂੰ "ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ"* ਦ੍ਰਿਸ਼ਟੀ ਦਿਨ ਰੈਨ ਹੀ ਦੇਖਦੀ ਹੈ । ਇਹ ਦ੍ਰਿਸ਼ਟਮਾਨ ਸੂਰਜ ਤਾ ਦਿਨੇ ਭੀ ਪੰਜ-ਭੂਤਕ ਅੱਖੀਆਂ ਦੇ ਉਹਲੇ ਹੋ ਜਾਂਦਾ ਹੈ । ਦਿਬ ਦ੍ਰਿਸ਼ਟੇ ਲੋਇਣਾਂ ਨੂੰ ਅਦ੍ਰਿਸ਼ਟੋਂ ਇਕ ਵਾਰ ਦ੍ਰਿਸ਼ਟੀ ਆਇਆ ਸੂਰਜਾਂ ਦਾ ਸੂਰਜ ਫੇਰ ਕਦੇ ਕਿਸੇ ਵੇਲੇ ਭੀ ਦ੍ਰਿਸ਼ਟੀ ਅਗੋਚਰ ਨਹੀਂ ਹੋਂਵਦਾ ਹੈ। ਇਹ ਤਪਤ ਕਿਰਨਾਂ ਵਲਾ ਸੂਰਜ ਆਪਣੀ ਕਿਰਨ ਕਰਕੇ ਸਿਰਫ਼ ਉਨ੍ਹਾਂ ਪੱਧਰ ਠਉਰ ਠਾਵਾਂ .ਤੇ ਮੁਕਾਮਾਂ ਉਤੇ ਹੀ ਉਦੇ ਹੁੰਦਾ ਹੈ ਜਿਥੇ ਜਿਥੇ ਇਸ ਦੀਆਂ ਕਿਰਨਾਂ ਪਹੁੰਚਦੀਆਂ ਹਨ । ਜ਼ਮੀਨ-ਦੋਜ਼ ਗੁਫਾ ਅਸਥਾਨਾਂ ਅਤੇ ਉਨ੍ਹਾਂ ਠਉਰ ਮੁਕਾਮਾਂ ਉਤੇ, ਜਿਥੇ ਕਿ ਇਸ ਦੀਆਂ ਕਿਰਨਾਂ ਨਹੀਂ ਪਹੁੰਚਦੀਆਂ, ਇਹ ਪ੍ਰਗਟ ਨਹੀਂ ਦਿਸਦਾ । ਪਰ ਮੇਰਾ ਸੂਰਜਾਂ ਦਾ ਸੁਲਤਾਨ ਸਚਾ ਸੂਰਜ ਘਟਾਂ, ਪਟਾਂ, ਨਭਾਂ, ਕੰਦਰਾਂ, ਗੁਫ਼ਾਵਾਂ ਅੰਦਰ ਭੀ ਦਿਨ ਰੈਣ ਆਪਣੇ ਪਰਜੁਅਲਤ ਸਰੂਪ ਵਿਚ ਰਵ ਰਿਹਾ ਦਿਬ ਦ੍ਰਿਸ਼ਟੇ ਗੁਰਮੁਖ ਜਨਾਂ ਨੂੰ, ਘਟ ਪ੍ਰਰਗਾਸੀ ਭਗਤ ਜਨਾਂ ਨੂੰ ਹੂਬਹੂ ਨਜ਼ਰੀਂ ਆਵੰਦਾ ਹੈ ਅਤੇ ਵਿਸ਼ੇਸ਼ ਵਾਧਾ ਇਹ ਹੈ ਕਿ ਮੇਰਾ ਨੂਰ-ਕਿਰਨ-ਠਰੂਰੀ ਸੂਰਜਾਂ ਦਾ ਸੂਰਜ ਆਪਣੇ ਨਿਕਟ ਤੋਂ ਨਿਕਟ ਨਿਵਾਸੀ ਸਚਖੰਡ ਵਾਸੀ ਭਗਤ ਜਨਾਂ ਨੂੰ ਅਤੇ ਦੂਰ ਤੋਂ ਦੂਰ ਵਸ ਰਹੇ ਆਪਣੇ ਨੂਰ ਨਿਵਾਜਿਆਂ ਨੂੰ ਭੀ ਸਾਮਾਨ ਹੀ ਆਪਣੇ ਨਿਰੰਕਾਰੀ ਸਰੂਪ ਵਿਚ ਜਿਉਂ ਕਾ ਤਿਉਂ ਨਜ਼ਰੀਂ ਆਂਵਦਾ ਹੈ, ਘਟ ਵਧ-

*ਅਨੰਦੁ ਸਾਹਿਬ, ਪਉੜੀ ੩੬

ਨਹੀਂ। ਮੁਸ਼ਾਬਹਤ ਅਤੇ ਮੁਤਾਬਕਤ ਵਾਲੀ ਤਾਂ ਐਥੇ ਗੱਲ ਹੀ ਕੋਈ ਨਹੀਂ। ਉਦਾਹਰਨੀ ਦ੍ਰਿਸ਼ਟਾਂਤ ਦਾ ਇਕ ਅੰਗ ਹੀ ਅਸੀਂ ਲੈਣਾ ਹੈ। ਜਿਸ ਪ੍ਰਕਾਰ ਕਿ ਸੂਰਜ ਆਪਣੀਆਂ ਕਿਰਨਾਂ ਕਰਕੇ ਸਰਬ ਠਾਈਂ ਰਵਿਆ ਹੋਇਆ ਹੈ, ਤਿਸੇ ਪ੍ਰਕਾਰ ਜੋਤੀ ਸਰੂਪ ਰਮਤ ਰਾਮ ਆਪਣੀ ਜੋਤਿ ਕਿਰਣੀ ਵਿਆਪਕਤਾ ਕਰਕੇ ਘਟ ਅੰਤਰ ਸਰਬ ਘਟਾਂ ਅੰਤਰ ਰਵਿਆ ਰਮਿਆ ਹੋਇਆ ਹੈ। ਜਿਸ ਘਟ ਅੰਤਰ ਜੋਤੀਸ਼ ਦੀ ਜੋਤਿ ਕਿਰਣ ਭੋਇ ਆਂਵਦੀ ਹੈ, ਤਿਥੈ ਨਿਕਟ ਦੂਰਾਰੀ ਦੇ ਸਭ ਵਿਤਕਰੇ ਮਿਟ ਜਾਂਦੇ ਹਨ, ਸਭ ਦਿਖ-ਹੱਦੇ ਦੂਰ ਹੋ ਜਾਂਦੇ ਹਨ। ਓਥੇ "ਪਾਰਿ ਸਾਜਨੁ ਅਪਾਰੁ ਪ੍ਰੀਤਮੁ"* ਪਰਤੱਖ ਹੀ ਸ਼ਬਦ-ਸੁਰਤੀਸ਼ਰਾਂ ਨੂੰ ਪਰਗਟ ਪਾਹਾਰੇ ਜਾਪਦਾ ਹੈ। ਸ਼ਬਦ ਸੁਰਤਿ ਦਿਬ ਦਰਸਾਰ ਤੋਂ ਘੁੱਥੇ ਘਟ ਅਕਾਰਾਂ ਵਿਖੇ ਅੰਧਕਾਰ ਹੀ ਅੰਧਕਾਰ ਹੈ। ਨਾ ਉਥੇ ਨਿਰੰਕਾਰ ਦਾ ਜੋਤ-ਚਮਤਕਾਰ ਹੈ ਅਤੇ ਨਾ ਹੀ ਨਿਰੰਕਾਰ ਦਾ ਸਰੂਪ ਹੀ ਪ੍ਰਕਾਸ਼ਤਕਾਰ ਹੈ, ਪਰ ਉਨ੍ਹਾਂ ਦੇ ਅੰਦਰ ਭੀ ਅਕਾਲ ਪੁਰਖ ਗੁਪਤ ਰੂਪ ਵਿਚ ਵਰਤ ਰਿਹਾ ਹੈ। "ਸਚਖੰਡਿ ਵਸੈ ਨਿਰੰਕਾਰੁ" ਦੀ ਮਾਹੀਅਤ ਦਾ ਉਨ੍ਹਾਂ ਨੂੰ ਕੀ ਯਕੀਨ ਆ ਸਕਣਾ ਹੈ? ਪਰ ਜਿਨ੍ਹਾਂ ਗੁਰਮੁਖ ਜਨਾਂ ਨੇ ਸੁੰਨ ਗੁਫਾ ਮਹਿ ਸਮਾਧ-ਸਥਿਤੀ ਆਸਣ ਥਾਪਿਆ ਹੈ, ਤਿਨ੍ਹਾਂ ਨੂੰ ਪੂਰਣ ਪਾਰਬ੍ਰਹਮ ਦੇ ਦਰਸ਼ਨ,

**ਦਸਮ ਦੁਆਰ ਵਿਚ ਦਰਸ਼ਨ ਤੇ ਗੋਸਟ**

ਸਚਖੰਡੀ ਨਿਰੰਕਾਰ ਦੇ ਦਰਸ਼ਨ ਦਸਮ ਦੁਆਰ ਵਿਖੇ ਹੀ ਹੋ ਗਏ ਹਨ। ਤਿਨ੍ਹਾਂ ਨੂੰ ਦਸਮ ਦੁਆਰੀ ਖੇਡ ਵਿਖੇ ਹੀ ਸਚਖੰਡ ਦਾ ਪੂਰਨ ਨਜ਼ਾਰਾ ਪਰਗਟ ਹੋਇ ਆਇਆ ਹੈ। ਤਿਨ੍ਹਾਂ ਨੂੰ ਸਚਖੰਡ ਵਿਖੇ ਆਪਣੇ ਭਗਤਾਂ ਸੰਗਿ ਪ੍ਰਭੂ ਪਰਮਾਤਮਾ ਗੋਸ਼ਟ ਕਰਦਾ ਨਜ਼ਰ ਆਇਆ ਹੈ:

ਸੁੰਨਿ ਸਮਾਧਿ ਗੁਫਾ ਤਹ ਆਸਨੁ ॥
ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥
ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥
ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥

[ਰਾਮਕਲੀ ਮ: ੫, ਪੰਨਾ ੮੯੪

* ਤੁਖਾਰੀ ਮ: ੧, ਪੰਨਾ ੧੧੧੩

੮

# ਸਚਖੰਡ ਦਾ ਨਜ਼ਾਰਾ ਮਾਤ ਲੋਕ ਵਿਚ

ਸਚ ਖੰਡ ਦਾ ਨਜ਼ਾਰਾ ਗੁਰੂ ਕਰਤਾਰ ਆਪਣੇ ਨਦਰ ਨਿਹਾਲੇ ਗੁਰਮੁਖ ਜਨਾਂ ਨੂੰ ਐਥੇ ਇਸ ਮਿਰਤ ਲੋਕ ਵਿਖੇ ਹੀ ਸਾਂਗੋ ਪਾਂਗ ਦਿਖਲਾਇ ਦਿੰਦਾ ਹੈ, ਪਰ ਪਹਿਲਾਂ ਜਿਨ੍ਹਾਂ ਨੂੰ ਆਪਣੇ ਪੰਨੇ ਪਾਇ ਲੈਂਦਾ ਹੈ ਤਿਨ੍ਹਾਂ ਐਹੋ ਜਿਹੇ ਜਨਾਂ ਤੇ ਹੀ ਅਜਿਹੀ ਨਦਰ ਨਦਰਾਉਂਦਾ ਹੈ ਜਿਨ੍ਹਾਂ ਤੇ ਅਜਿਹੀ ਕਲਾ ਵਰਤਦੀ ਹੈ :

ਤ੍ਰਿਸਨਾ ਬੂਝੀ ਅੰਤਰੁ ਠੰਢਾ ॥ ਗੁਰਿ ਪੂਰੈ ਲੈ ਤੂਟਾ ਗੰਢਾ ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥
ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥
ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੫॥
ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜਾਇਆ ॥
ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥
ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥ ਨਾਨਕ ਦਾਸ ਸਦਾ ਕੁਰਬਾਨੀ ॥
ਸੰਤ ਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹ ਮਨੁ ਭੀਜਾ ਹੇ ॥੧੭॥
੧॥੩॥ [ਮਾਰੂ ਸੋਲਹੇ ਮ: ੫, ਪੰਨਾ ੧੦੭੪

ਉਪਰਲੇ ਗੁਰ ਪਰਮਾਣ ਵਿਚ ਕਥਨੀ ਕਰਨੀ ਕਮਲ ਜਮਾਲ ਵਾਲੇ ਗੁਰਮੁਖ ਜਨਾਂ ਦੀ ਘਟ ਅੰਤਰੀ ਖੇਡ ਹੀ ਅਤਿ ਅਨੂਪਮ ਪਲਟਾ ਖਾ ਜਾਂਦੀ ਹੈ। ਤਿਨ੍ਹਾਂ ਦਾ ਘਟ-ਗੜ੍ਹ-ਮੰਦਰ ਅਤਿ ਸੋਹਣਾ ਹੋ ਜਾਂਦਾ ਹੈ। ਕਰਣੈਹਾਰ ਕਰਤਾਰ ਦਾ ਕੀਤਾ ਹੀ ਇਹ ਅਲੌਕਿਕ ਸੁੰਦਰਤਾ ਵਾਲਾ ਸੋਹਣਾ ਮੰਦਰ ਜਗਮਗਿਆਉਂਦਾ ਹੈ। ਤਿਸ ਵਿਚ ਅਤਿ ਅਨੂਪਮ ਸੂਰਜ ਚੰਦ ਮਈ ਜਲਵ-ਜੋਤੀ ਦੀਵੇ ਰੌਸ਼ਨ ਹੋਇ ਆਵੰਦੇ ਹਨ, ਜਿਸ ਦੇ ਚਾਨਣ ਕਰਕੇ ਤ੍ਰਿਭਵਣ ਜੋਤਿ ਉਜਿਆਰੀ ਤੇਜ ਅਪਾਰੀ ਚਾਨਣਾ ਚਨਣਾਇ ਜਾਂਦਾ ਹੈ। ਤਿਸ ਘਟ-ਮੰਦਰ ਅੰਦਰ ਹੀ ਹਟ-ਪਟਣ-ਗੜ੍ਹ-ਕੋਠੜੀ ਸਚੜੇ ਵਾਪਾਰ, ਸਚੇ ਸਉਦੇ ਵਾਲੀ ਖੁਲ੍ਹ ਜਾਂਦੀ ਹੈ ਅਤੇ ਅੰਤਰ-ਗਤੀ ਭੈ-ਭੰਜਨੀ ਗਿਆਨ ਅੰਜਨ ਵਾਲੇ ਦਿਬ ਲੋਇਣ ਦੀਪਤ ਹੋ ਜਾਂਦੇ ਹਨ, ਜਿਨ੍ਹਾਂ ਲੋਇਣਾਂ ਦੁਆਰਾ, ਉਹ ਘਟ-ਦੇਹ-ਖੰਡ ਵਿਖੇ ਹੀ ਸਚਖੰਡੀ ਨਿਰੰਕਾਰ ਨਿਰੰਜਨ ਦੀ ਝਾਤੀ ਪਾ ਲੈਂਦੇ ਹਨ। ਜੇਕਰ ਗੁਰੂ-ਕਰਣਾ

ਦੁਆਰਾ ਭਲੀ ਪ੍ਰਕਾਰ ਇਸ ਅਜਰ ਪਦ ਨੂੰ ਜਰਿਆ ਜਾਵੇ (ਗੁਰੂ ਆਪਿ ਜਰਾਵੇ) ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਦੀ ਗੁਪਤ ਪਰਗਟ ਖੇਡ ਉਹਨਾਂ ਨੂੰ ਹੱਥ ਤੇ ਸਰ੍ਹੋਂ ਜਮਾਉਣ ਵਾਂਗੂ ਪਰਤੱਖ ਹੋ ਜਾਂਦੀ ਹੈ। ਯਥਾ ਗੁਰਵਾਕ :

ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥
ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥
ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥...੩॥੮॥
[ਸਿਰੀ ਰਾਗੁ ਮ: ੧, ਪੰਨਾ ੫੭

ਇਹ ਅਜਰ ਜਰੀ, ਗੁਰ ਸਤਿਗੁਰ ਦੀ ਜੋਤਿ ਪ੍ਰਕਾਸ਼ਕ ਸਾਕਸ਼ਾਤ-ਕਾਰਨੀ, ਕਲਾ-ਕ੍ਰਿਸ਼ਮਤ ਗੁਹਜ ਕਥਾ, ਤਿਸ ਵਡਭਾਗੇ ਗੁਰਮੁਖ ਜਨ ਨੇ ਹੀ ਆਪਣੇ ਹਿਰਦੇ ਅੰਦਰ ਗਹਿ ਕਰਕੇ ਰਖੀ ਸਾਂਭੀ ਹੈ ਜਿਸ ਦੇ ਮੁੱਖ ਮਸਤਕ ਉਤੇ ਧੁਰ ਪੂਰਬ ਸੰਜੋਗੀ ਭਾਗ ਉਦੇ ਹੋਇ ਜਾਗਿਆ ਹੈ। ਤਿਨ੍ਹਾਂ ਨੇ ਇਸ ਅਤਿ ਸ੍ਰੇਸ਼ਟ ਉਤਮ ਅੰਮ੍ਰਿਤ ਰਸਾਇਣੀ ਅਕਥ ਬਵਸਥਾ ਦਾ ਅੰਦਰੋ ਅੰਦਰ ਅਤੇ ਸਹਜ ਰਸੁ ਮਾਣਿਆ ਹੈ, ਗੁਰ-ਬਚਨਾਤ ਰਸ ਮਾਣਿਆ ਹੈ। ਇਸ ਗੁਰ-ਬਚਨਾਤ ਸਹਜ ਰਸ ਬਿਚੱਖਣੀ ਅਹਿਲਾਦ ਆਨੰਦ ਦਾ ਇਹ ਸੁਗਮ ਸਹਜਾਈ ਸਿੱਟਾ ਉਗਵ ਆਉਂਦਾ ਹੈ ਕਿ ਘਟ ਅੰਤਰ ਹੀ ਵਾਹਿਗੁਰੂ ਦਾ ਦਰਸ-ਪ੍ਰਗਾਸੀ ਜੋਤ-ਉਜਿਆਰਾ ਪਰਜੁਅਲਤ ਹੋਇ ਆਂਵਦਾ ਹੈ ਅਤੇ ਸਗਲਾ ਤਿਮਰ ਅੰਧਿਆਰਾ ਮਿਟ ਜਾਂਦਾ ਹੈ, ਜਿਵੇਂ ਸੂਰਜ ਉਦੇ ਹੋਏ ਤੋਂ ਹਨੇਰੀ ਰਾਤ ਛਾਈਂ ਮਾਈਂ ਹੋ ਜਾਂਦੀ ਹੈ, ਇਸ ਬਿਧ ਗੁਰੂ ਵਰੋਸਾਏ ਗੁਰਮੁਖ ਜਨ ਘਟ ਅੰਤਰ ਹੀ ਅਦ੍ਰਿਸ਼ਟ ਅਗੋਚਰ ਅਲਖ ਨਿਰੰਜਨ ਨੂੰ ਆਪਣੀ ਅੱਖੀਂ ਵੇਖ ਲੈਂਦੇ ਹਨ। ਜਥਾ ਗੁਰਵਾਕ :

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥
[ਸਿਰੀਰਾਗੁ ਕੀ ਵਾਰ ਮ: ੪, ਪੰਨਾ ੮੭

ਸਰਬ ਵਿਆਪਕ ਨਿਰੰਜਨ ਦਾ ਅਨੁਮਾਨ ਤਾਂ ਹਰ ਕੋਈ ਲਗਾ ਸਕਦਾ ਹੈ, ਪਰ ਇਸ ਖਿਆਲੀ ਕਿਆਸਕ ਅਨੁਮਾਨ ਕਰਕੇ ਅਲਖ ਨਿਰੰਜਨ ਲਖਿਆ ਨਹੀਂ ਜਾਂਦਾ, ਅਦ੍ਰਿਸਟ ਅਗੋਚਰ ਨਿਰੰਕਾਰ ਦੇਖਿਆ ਨਹੀਂ ਜਾ ਸਕਦਾ।

ਜਿਨ੍ਹਾਂ ਗੁਰਮੁਖ ਜਨਾਂ ਦਾ ਊਂਧ ਕੰਵਲ ਪ੍ਰਕਾਸ਼ ਹੋ ਜਾਂਦਾ ਹੈ, ਸੋਈ ਅਗਮ ਅਗੋਚਰ ਅਲਖ ਨਿਰੰਜਨ ਨੂੰ ਸਰਬਤਰ ਰਵਿਆ ਸਾਂਗੋ ਪਾਂਗ ਦੇਖ ਸਕਦੇ ਹਨ। ਯਥਾ :

ਊਂਧ ਕਵਲੁ ਜਿਸੁ ਹੋਇ ਪ੍ਰਗਾਸਾ
ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥

[ਮਾਝ ਮ: ੫, ਪੰਨਾ ੧੦੮

ਊਂਧ ਕੰਵਲ ਜਦ ਪ੍ਰਗਾਸਦਾ ਹੈ ਤਾਂ ਪਹਿਲਾਂ ਸਾਰੇ ਸਰੀਰ ਪਿੰਡ ਅੰਦਰ ਜੋਤਿ-ਚਾਨਣਾ ਕਿਰਣਤ ਹੋ ਕੇ ਆ ਪਸਰਦਾ ਹੈ। ਫੇਰ ਜਿਉਂ ਜਿਉਂ ਸ਼ਬਦ-ਸੁਰਤਿ ਕਮਾਈ ਵਧਦੀ ਜਾਂਦੀ ਹੈ, ਤਿਉਂ ਤਿਉਂ ਇਹ ਜੋਤਿ-ਚਾਨਣਾ ਭੀ ਵਧਦਾ ਜਾਂਦਾ ਹੈ। ਐਥੇ ਤਾਈਂ ਕਿ ਇਸ ਦਾ ਵਧਾਉ ਪਿੰਡ ਤੋਂ ਬ੍ਰਹਿਮੰਡੀ ਸਗਲ ਭਵਨ ਵਿਖੇ ਜੋਤਿ-ਜਲਵਨਾ ਹੋ ਜਾਂਦਾ ਹੈ। ਜੋਤੀਸ਼ ਦਾ ਜੋਤਿ ਜਲਵਨਾ ਜਲਾਲ ਸਾਰੇ ਗਗਨ-ਮੰਡਲ ਵਿਖੇ ਐਉਂ ਆਭਾ ਮਾਰ ਉਠਦਾ ਹੈ ਕਿ ਇਸ ਦਿਬ ਜੋਤਿ-ਜਲਵਨੀ ਦ੍ਰਿਸ਼ਟ (ਨਜ਼ਾਰੇ) ਦੇ ਆਸ਼ਕਾਰ ਹੋਏ ਤੋਂ ਪਹਿਲਾਂ ਪੰਜ-ਭੂਤਕ ਅੱਖੀਆਂ ਦੁਆਰਾ ਦਿਸ ਰਿਹਾ ਸਾਰਾ ਸਥੂਲ ਦ੍ਰਿਸ਼ਟ-ਦ੍ਰਿਸ਼ਟਿਆ ਪੁਲਾੜ-ਪਸਰਾਉ ਪਲਟ ਕੇ ਜੋਤਿ ਜੋਤੰਨਾ ਹੋ ਜਾਂਦਾ ਹੈ। ਸਚਮੁਚ ਪਹਿਲੇ ਦ੍ਰਿਸ਼ਟਮਾਨ ਨਜ਼ਾਰੇ ਦਾ ਅਭਾਵ ਹੀ ਹੋ ਜਾਂਦਾ ਹੈ। ਉਸ ਦ੍ਰਿਸ਼ (ਨਜ਼ਾਰੇ) ਦੀ ਕਾਇਆਂ ਪਲਟ ਹੋ ਜਾਂਦੀ ਹੈ। ਐਉਂ ਪਰਤੀਤ (realize) ਹੁੰਦਾ ਹੈ ਕਿ

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥
ਗੋਬਿੰਦ ਬਿਨੁ ਨਹੀਂ ਕੋਈ ॥...੧॥ ਰਹਾਉ॥

[ਆਸਾ ਸ੍ਰੀ ਨਾਮਦੇਉ ਜੀ, ਪੰਨਾ ੪੮੫

ਵਿਦਤ ਰਹੇ ਕਿ ਏਤਨਾ ਹੁੰਦਿਆਂ (ਸਰਬਤਰ ਰਵ ਰਹਿਆ ਗੋਬਿੰਦ ਦ੍ਰਿਸ਼ਟੀ ਗੋਚਰ ਹੁੰਦਿਆਂ) ਭੀ ਸਚਖੰਡ ਵਿਖੇ "ਸਚੈ ਤਖਤਿ ਸਚ ਮਹਲੀ"* ਬੈਸ ਕੇ ਨਿਰਭਉ ਤਾੜੀ ਲਾਇ ਰਹਿਆ ਗੋਬਿੰਦ ਨਿਆਰਾ ਜਲਵਾ-ਗਰ ਰਹਿੰਦਾ ਹੈ। ਆਤਮ ਪ੍ਰਗਾਸ ਦਾ ਪ੍ਰਿਥਮ ਪ੍ਰਭਾਉ ਨਵ ਸੁਹਾਗਵੰਤਿਆਂ ਨੂੰ ਗਗਨ ਪਾਤਾਲ ਵਿਖੇ ਸਰਬਤਰ ਪਸਰ ਰਹੀ ਜੋਤਿ ਚਾਂਦਨੀ ਦਾ ਬਿਸਮ ਝਲਕਾਰਾ ਅਜਿਹਾ ਬਿਸਮਾਦ ਰਸ ਅਹਿਲਾਦ ਵਿਚ ਮਗਨ ਕਰ ਦਿੰਦਾ ਹੈ ਕਿ ਉਨ੍ਹਾਂ ਦੀ ਏਸ ਡਲ੍ਹਕਾਂ ਮਾਰਦੇ ਜੋਤਿ-ਸਰੋਵਰ ਤੋਂ ਉਰਵਾਰ ਪਾਰ ਅੱਖ ਹੀ ਨਹੀਂ ਉਘੜਨ ਦੇਂਦਾ। ਓਹਨਾਂ ਦੀ ਸੁਰਤੀ ਅਜਿਹੀ ਰਸ-ਬਿਸਮਾਦ

* ਰਾਮਕਲੀ ਦਖਣੀ ਮ: ੧, ਪੰਨਾ ੯੦੭

ਹੋ ਜਾਂਦੀ ਹੈ ਕਿ ਇਹ ਪਹਿਲ-ਪਲੇਠੀਆ ਝਲਕਾਰਾ ਪੈਣ ਸਾਰ ਉਹ ਮਨ ਬਚਨ ਕਰਮ ਕਰਕੇ ਇਹੋ ਪ੍ਰਤੀਤ ਕਰਦੇ ਹੋਨ ਕਿ ਉਹਨਾਂ ਦਾ ਸਚਮੁਚ ਸਚਖੰਡ ਵਿਚ ਨਿਵਾਸ ਹੋਇ ਰਹਿਆ ਹੈ ਅਤੇ ਇਹ ਆਤਮ-ਝਲਕਾਰ ਹੀ ਸਚਖੰਡ ਵਾਸੀ ਪਰਮਾਤਮਾ ਦਾ ਦਰਸਾਰ ਹੈ। ਉਹਨਾਂ ਨੂੰ ਅੰਦਰੋਂ ਬਾਹਰੋਂ ਪ੍ਰੀਤਮ ਪਰਮਾਨੰਦ (ਪਰਮ ਅਨੰਦ ਪ੍ਰੀਤਮ) ਦੀਆਂ ਜਫੀਆਂ ਪਈਆਂ ਹੋਈਆਂ ਹਨ, ਪਰ ਜਿਉਂ ਜਿਉਂ ਇਸ ਜੀਰਾਂਦ ਨੂੰ ਜਰਦੇ ਜਾਂਦੇ ਹਨ, ਤਿਉਂ ਤਿਉਂ ਬਿਸਮ ਤੋਂ ਬਿਸਮ ਪਰਮ ਅਦਭੁਤੀ ਬਿਸਮਾਦ ਦੇ ਜਲਵੇ ਪਰਤੱਖ ਹੋਇ ਆਉਂਦੇ ਹਨ। ਉਹਨਾਂ ਦੀ ਸ਼ਬਦ ਸੁਰਤਿ ਰਜ ਬਿਸਮਾਦੀ ਰੀਝ, ਪਰਮ ਅਪਰੰਪਰੀ ਨੀਝ ਲਾਉਣ ਵਲ ਰੀਝਾਇ ਲੈਂਦੀ ਹੈ ਅਤੇ ਇਕ ਝਲਕ ਪਲਕਾਰੇ ਮਾਤਰ ਵਿਚ ਹੀ ਦਸਮ ਦੁਆਰ ਵਾਲੀ ਅਤੇ ਸਚਖੰਡ ਵਾਲੀ ਵਿਥ ਮਿਲ ਜਾਂਦੀ ਹੈ ਅਤੇ "ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ* ॥" ਦੇ ਤਤ ਵਾਸਤਵੀ ਅਰਥ ਉਥੇ (ਉਸ ਪਦ ਪੁਗ ਕੇ) ਖੁਲ੍ਹਦੇ ਹਨ, ਪਰ ਬਿਸਮ-ਬਿਨੋਦ ਸੁਰਤੀਏ ਨੈਣ ਉਸ ਦੇ ਫੇਰ ਭੀ ਨਹੀਂ ਖੁਲ੍ਹਦੇ। ਬਸ ਉਦੋਂ ਹੀ ਪਤਾ ਲਗਦਾ ਹੈ ਅਤੇ ਇਹੋ ਪਤਾ ਲਗਦਾ ਹੈ ਕਿ :

ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ ॥
ਕਹੁ ਨਾਨਕ ਪ੍ਰਭੁ ਮੇਰਾ ਊਚਾ ॥ ੪ ॥ ੧ ॥

[ਵਡਹੰਸੁ ਮ: ੫ ਘਰ ੧, ਪੰਨਾ ੫੬੨

ਸਚਮੁਚ ਊਚਾ ! ਆਹ ! ਉਦੋਂ ਹੀ ਬਸ ਉਦੋਂ ਹੀ ਇਹ ਉਚਰਨਾ ਬਣਦਾ ਹੈ ਤੇ ਐਨ ਫਬਦਾ ਹੈ :

ਕਹੁ ਨਾਨਕ ਭਰਮੁ ਗੁਰਿ ਖੋਇਆ
ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥

[ਮਾਰੂ ਮ: ੫, ਪੰਨਾ ੧੦੦੨

ਹਾਂ ਜੀ, ਮਹਲੀ ਵਾਹਿਗੁਰੂ ਦਾ ਮਹਿਲ ਹੋਇਆ ਨਾ। ਪਹਿਲਾਂ ਘਟ ਅੰਦਰ ਮਹਿਲ ਬਣਿਆ, ਫੇਰ ਦਸਮ ਦੁਆਰ ਮਹਿਲੀ ਦਾ ਮਹਿਲ ਬਣਿਆ, ਪਰ ਸੱਚਾ ਮਹਿਲ ਮਹਿਲੀ ਦਾ, ਸੱਚਾ ਅਸਥਿਰ ਰਹਿਣ ਵਾਲਾ ਅਬਿਚਲ ਮਹਿਲ ਮਹਿਲੀ ਦਾ ਤਾਂ ਸਚਖੰਡ ਹੀ ਬਣਿਆ ਰਿਹਾ ਅਤੇ ਇਹੀ ਦਰ-ਮਹਲ ਹੈ, ਜਿਥੇ ਬਹਿ ਕੇ ਉਹ ਸਰਬ ਦੀ ਸੰਭਾਲਨਾ ਕਰਦਾ ਹੈ। "ਸੋਦਰੁ" ਵਿਖੇ ਵਖਾਣਿਆ ਪਰਮ ਅਦਭੁਤੀ ਦਰ-ਮਹਲ, "ਜਿਤੁ ਬਹਿ ਸਰਬ ਸਮਾਲੇ" ਇਹੋ ਸਚਖੰਡ ਹੈ। ਇਹ ਸਚਖੰਡ ਰੂਪੀ ਦਰੁ ਘਰੁ ਕੇਹਾ ਹੈ ਕਿ ਗੁਰੂ ਨਾਨਕ ਸਾਹਿਬ

*ਵਡਹੰਸੁ ਮ: ੫ ਘਰ ੧, ਪੰਨਾ ੫੬੨


www.sikhbookclub.com

ਜੀ ਦੀ ਦਸਣ ਲਗਿਆਂ ਅਦਭੁਤ ਬਿਸਮਾਦ ਵਿਚ ਸਮਾਧੀ ਲਗ ਗਈ। ਇਉਂ ਉਚਾਰਦੇ ਹੀ ਸਚਖੰਡ ਵਿਖੇ ਲਿਵਲੀਨ ਹੋ ਗਏ ਅਤੇ ਲਿਵਲੀਨ ਹੋਏ ਉਚਾਰੀ ਗਏ :

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

[ਜਪੁਜੀ ਸਾਹਿਬ, ਪੰਨਾ ੬

ਆਹਾ ! ਹੁਣ 'ਸਮਾਲੇ' ਦਾ 'ਸਮਾਲਹਿ' ਹੋ ਗਿਆ। ਸਨਮੁਖ ਪੇਖ ਰਹੀ ਬਿਸਮਾਦ ਦ੍ਰਿਸ਼ਟੀ 'ਸਮਾਲਹਿ' ਹੀ ਉਚਾਰਨ ਕਰੇਗੀ। ਸਨਮੁਖ ਬਿਲਾਸ ਕਰ ਰਹੀ ਬਿਸਮ-ਰਸ-ਗੀਧੀ ਰਸਨਾ ਨੂੰ 'ਸਮਾਲੇ' ਦੇ ਥਾਉਂ 'ਸਮਾਲਹਿ' ਕਹਿਣਾ ਹੀ ਸੋਭਦਾ ਹੈ। 'ਸਮਾਲਹਿ'! ਤੂੰ ਸਮਾਲਹਿ ਦਾ ਸੀਗ਼ਾ ਗ਼ਾਇਬ (ਅਨ-ਪੁਰਖ) ਉਡ ਗਿਆ ਤੇ ਸੀਗ਼ਾ ਮੁਖ਼ਾਤਬ (ਮਧਮ-ਪੁਰਖ) ਪਰਬਲ ਹੋਇ ਸਫੁਟਿਆ। ਵਾਹੁ ! ਸਚਮੁਚ ਇਹ ਕਹਿਣਾ ਬਣਦਾ ਹੈ ਕਿ :

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥
ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥
ਗੋਵਿੰਦੁ ਅਲਖ ਅਪਾਰੁ ਅਪਰੰਪਰੁ ਆਪੁ ਆਪਣਾ ਜਾਣੈ ॥
ਕਿਆ ਇਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੇ ॥
ਜਿਸ ਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥
ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥ ੧ ॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥
ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾ ਕਾ ਅੰਤੁ ਨ ਪਾਇਆ ॥
ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ ਗੁਰਮੁਖਿ ਅਲਖੁ ਲਖਾਇਆ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਸਹਜੇ ਨਾਮਿ ਸਮਾਇ ਜੀਉ ॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨॥
ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥
ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ ਤੂੰ ਆਪੇ ਪੁਰਖੁ ਸੁਜਾਨੁ ਜੀਉ ॥
ਪੁਰਖੁ ਸੁਜਾਨੁ ਤੂੰ ਪਰਧਾਨੁ ਤੁਧੁ ਜੇਵਡੁ ਅਵਰੁ ਨ ਕੋਈ ॥
ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ ॥
ਹਰਿ ਸਭ ਮਹਿ ਰਵਿਆ ਏਕੋ ਸੋਈ ਗੁਰਮੁਖਿ ਲਖਿਆ ਹਰਿ ਨਾਮੁ ਜੀਉ ॥
ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥੩॥
ਸਭੁ ਤੂੰ ਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥
ਤੁਧੁ ਆਪੇ ਭਾਵੈ ਤਿਵੈ ਚਲਾਵਹਿ ਸਭ ਤੇਰੈ ਸਬਦਿ ਸਮਾਇ ਜੀਉ ॥

 www.sikhbookclub.com

ਸਭ ਸਬਦਿ ਸਮਾਵੈ ਜਾਂ ਤੁਧੁ ਭਾਵੈ ਤੇਰੈ ਸਬਦਿ ਵਡਿਆਈ ॥
ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ ਸਬਦੇ ਰਹਿਆ ਸਮਾਈ ॥
ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ ॥
ਸਭੁ ਤੂੰ ਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥੪॥
॥੭॥੧੪॥ [ਆਸਾ ਮਹਲਾ ੪ ਛੰਤ, ਪੰਨਾ ੪੪੮

ਇਸ ਕਾਇਆਂ ਕੋਟ ਗੜ੍ਹ ਮੰਦਰੀ ਦਸਮ ਦੁਆਰ ਰਾਹੀਂ ਪ੍ਰਗਟੰਦੜਾ ਮੈਂਡਾ ਲੋੜੀਂਦਾ ਸਾਜਨ ਸਾਈਂ, ਸਚਖੰਡ ਵਿਖੇ ਸਦਾ ਅਸਥਿਰ ਰਹੰਦੜਾ ਹੋਇਆ ਭਗਤ ਜਨਾਂ ਨੂੰ ਨੇਰੇ ਹੂੰ ਤੇ ਨੇਰੇ ਹਾਜ਼ਰ ਹਜ਼ੂਰ ਹੋ ਕੇ ਆਇ ਦੀਦਾਰ ਦੇਂਵਦਾ ਹੈ। ਸੱਚੇ ਸਤਿਗੁਰ ਦੀ ਇਹ ਅਮਿਤ ਵਡਿਆਈ ਹੈ। ਉਸ ਕਰਤਾਰ ਸਿਰਜਣਹਾਰ ਨਿਰੰਕਾਰ ਦੇ ਸਾਜੇ ਨਿਵਾਜੇ ਕਾਇਆਂ ਕੋਟ ਗੜ੍ਹੀ ਨੌਂ ਦਸਾਂ ਦਰਵਾਜਿਆਂ ਦੇ ਹੁੰਦਿਆਂ ਅਤੇ ਅਣਹੁੰਦਿਆਂ ਭੀ "ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ"* ਸਦ-ਸਦਾ ਸਚਖੰਡ ਵਿਖੇ ਬਿਰਾਜਮਾਨ ਹੈ। ਸਦਾ ਅਸਥਿਤ ਹੈ। ਮੇਰਾ ਗੋਬਿੰਦ ਅਲਖ ਅਪਾਰ ਹੈ। ਤਾਂ ਕੀ ਗਤਿ ਕਹੀ ਨਹੀਂ ਜਾਂਦੀ, ਤਿਸ ਦੀ ਵਡਿਆਈ ਅਮਿਤ ਹੈ, ਤਿਸ ਦੀ ਮਿਤ ਗਿਣਤੀ ਕੁਛ ਨਹੀਂ ਕੀਤੀ ਜਾ ਸਕਦੀ, ਕੋਈ ਲਖ ਨਹੀਂ ਸਕਦਾ, ਇਸ ਕਰਕੇ ਗੋਵਿੰਦ ਅਲਖ ਹੈ। ਤਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ, ਇਸ ਕਰਕੇ ਗੋਵਿੰਦ ਅਪਾਰ ਹੈ। ਉਪਰ ਤੋਂ ਉਪਰ, ਸਭਨਾਂ ਤੋਂ ਉਪਰ ਸਚਖੰਡ ਵਿਖੇ ਬਿਰਾਜਮਾਨ ਹੈ, ਇਸ ਕਰਕੇ ਗੋਵਿੰਦ ਅਪਰੰਪਰ ਹੈ। ਆਪਣਾ ਆਪ ਉਹ ਆਪ ਹੀ ਜਾਣਦਾ ਹੈ। ਇਹ ਅਲਪਗ ਜੰਤ ਵਿਚਾਰੇ ਕਿਸ ਬਾਗ ਦੀ ਮੂਲੀ ਹਨ। ਇਹ ਤੈਨੂੰ ਹੇ ਮੇਰੇ ਗੋਵਿੰਦ! ਕੀ ਆਖ ਕੇ ਵਖਾਣ ਸਕਦੇ ਹਨ? ਜਿਸ ਨੂੰ ਤੂੰ ਆਪ ਨਦਰ ਕਰਹਿ, ਸੋਈ ਗੁਰਮੁਖ ਜਨ ਤੇਰਾ ਤੱਤ ਅਭਿਆਸੀ ਵੀਚਾਰ ਕਰਕੇ ਤੁਧ ਨੋ ਲਖ ਪੇਖ ਸਕਦਾ ਹੈ। ਹੇ ਮੇਰੇ ਵਡੜੇ! ਸਭ ਹੂੰ ਤੇ ਵਡੇ, ਸਭ ਹੂੰ ਤੇ ਉਚੇ ਅਤੇ ਦਰਬਾਰ (ਸਚ ਖੰਡ) ਵਾਲੇ ਅਗਮ ਅਗੋਚਰ ਆਦਿ ਨਿਰੰਜਨ ਨਿਰੰਕਾਰ ਜੀਉ! ਤੂੰ ਆਦਿ ਪੁਰਖ ਹੈਂ, ਅਪਰੰਪਰ ਕਰਤਾ ਹੈਂ, ਤੇਰਾ ਪਾਰ ਨਹੀਂ ਪਾਇਆ ਜਾਂਦਾ। ਤੂੰ ਘਟਿ ਘਟਿ ਅੰਤਰ ਹੈਂ ਅਤੇ ਸਰਬ ਨਿਰੰਤਰ ਹੈਂ ਅਤੇ ਸਭ ਮਹਿ ਸਮਾਇ ਰਿਹਾ ਹੈਂ, ਅਪਰੰਪਰੀ ਸਚਖੰਡ ਵਸੰਤੜੀ ਹੁੰਦਾ ਹੋਇਆ ਸਰਬ ਨਿਰੰਤਰ ਘਟ ਘਟ ਅੰਤਰ ਸਮਾਇ ਰਿਹਾ ਹੈਂ। ਸਚ ਖੰਡ ਵਸੰਤੜੀ ਪਾਰਬ੍ਰਹਮ ਪਰਮੇਸ਼ਰ ਹੁੰਦਾ ਹੋਇਆ ਤੂੰ ਘਟ ਘਟ ਅੰਤਰ ਸਮਾਇ ਰਿਹਾ ਹੈਂ। ਤੇਰਾ ਅੰਤ ਨਹੀਂ ਪਾਇਆ ਜਾਂਦਾ। ਜਿਸ ਦਾ ਏਹਨਾਂ ਪੰਚ-ਭੂਤਕ ਅੱਖੀਆਂ ਨੂੰ ਦਿਸਣ ਵਾਲਾ ਕੋਈ ਰੂਪ ਰੇਖ ਨਹੀਂ, ਸੋ ਅਰੂਪ ਰੂਪ ਵਾਲਾ, ਅਕਾਲ

*ਆਸਾ ਮ: ੪ ਛੰਤ, ਪੰਨਾ ੪੪੮

ਮੂਰਤਿ ਵਾਲਾ, ਅਦ੍ਰਿਸ਼ਟ ਅਗੋਚਰ ਸਚਖੰਡੀ-ਗਗਨੰਤਰ ਵਾਸੀਆ ਅਲੱਖ ਪਾਰਬ੍ਰਹਮ ਪਰਮੇਸ਼ਰ, ਕੇਵਲ ਗੁਰਮੁਖਾਂ ਨੇ ਹੀ ਲਖਿਆ ਹੈ, ਅਤੇ ਗੁਰ ਸਤਿਗੁਰ ਦੁਆਰਾ ਪ੍ਰਾਪਤ ਹੋਈ ਗੁਰਮੰਤ੍ਰ ਗੁਰਦੀਖਿਆ ਦੀ ਅਭਿਆਸ ਕਮਾਈ ਦੇ ਪਰਤਾਪ ਕਰਕੇ ਲਖਿਆ ਲਖਾਇਆ ਜਾ ਸਕਦਾ ਹੈ, ਐਵੇਂ ਨਹੀਂ। ਇਸ ਮਾਨੁਖਾ ਦੇਹੀ ਅੰਦਰ ਹੁੰਦਿਆਂ ਅਲਖ ਅਗੋਚਰ ਸਚਖੰਡ ਵਸੰਤਰੀ ਪਾਰਬ੍ਰਹਮ ਪਰਮੇਸ਼ਰ ਜੇ ਲਖਿਆ ਜਾ ਸਕਦਾ ਹੈ ਤਾਂ ਬਸ, ਇਸ ਵਿਚ ਸਾਰਾ ਮੁਅਜਜ਼ਾ "ਗੁਰਮੁਖਿ ਅਲਖੁ ਲਖਾਇ ਜੀਉ" ਦੇ ਮੁਇੰਮੇ (ਬੁਝਾਉਣੀ) ਵਿਚ ਹੈ। ਅਲਖ ਨੂੰ ਲਖਣ ਵਾਲੇ ਗੁਰਮੁਖ ਜਨ ਦਿਨ ਰਾਤੀ ਸਦਾ ਅਨੰਦ ਰਹਿੰਦੇ ਹਨ ਅਤੇ ਇਸ ਅਨੰਦ ਦੀ ਦਸ਼ਾ ਵਿਚ ਹੀ ਤਿਨ੍ਹਾਂ ਦੀ ਨਾਮ ਅਨੁਰਾਗੀ ਮਗਨਤਾ ਬਣੀ ਰਹਿੰਦੀ ਹੈ। ਤਿਨ੍ਹਾਂ ਨੂੰ ਆਦਿ ਪੁਰਖ ਅਪਰੰਪਰ ਕਰਤੇ ਪੁਰਖ ਦਾ ਅੰਤ ਪਾਰਾਵਾਰ ਲੈਣ ਦੀ ਪਰਵਾਹ ਨਹੀਂ। ਉਹ ਤਾਂ ਨਿਰੰਕਾਰ ਦੇ ਨਾਮ ਵਿਚ ਮਸਤ ਅਲਮਸਤ ਸਮਾਏ ਰਹਿੰਦੇ ਹਨ। ਨਾਮ-ਰਿਦ-ਵਿਗਾਸੀਆਂ, ਜੋਤਿ ਪ੍ਰਗਾਸੀਆਂ ਨੂੰ ਸਦਾ ਹੀ ਨਾਮੀ ਵਾਹਿਗੁਰੂ ਸਾਮ੍ਹਣੇ ਪ੍ਰਕਾਸ਼ਮਾਨ ਜ਼ਾਹਰ ਜ਼ਹੂਰ ਹੈ। ਹੇ ਮੇਰੇ ਵਾਹਿਗੁਰੂ ! ਤੂੰ ਸਤਿ ਪ੍ਰਮੇਸ਼ਰ ਹੈਂ, ਸਦਾ ਅਬਿਨਾਸ਼ੀ ਹੈਂ, ਹਰਿ ਹਰਿ ਗੁਣੀ ਨਿਧਾਨ ਹੈ, ਤੂੰ ਹਰਿ ਹਰਿ ਪ੍ਰਭ ਏਕੋ, ਬਸ ਏਕੋ ਵਾਹਿਗੁਰੂ ਹੀ ਵਾਹਿਗੁਰੂ ਹੈਂ। ਤੇਰੇ ਬਿਨਾਂ ਅਤੇ ਤੁਧ ਜੇਵਡ ਅਵਰ ਕੋ ਦੂਜਾ ਹੈ ਹੀ ਨਹੀਂ। ਤੈਨੂੰ ਬੀਉ ਪੂਛਿ ਮਸਲਤ ਧਰਨ ਦੀ ਲੋੜ ਨਹੀਂ "ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ* ॥" ਆਹ ! ਮੇਰੇ ਵਾਹਿਗੁਰੂ ਸਾਹਿਬ ਜੀਉ ! ਤੂੰ ਐਸਾ ਹੈਂ, ਏਹਨਾਂ ਅਚਰਜ ਸਿਫ਼ਤਾਂ ਵਾਲੜਾ ਹੈਂ :

ਜਾ ਕਾ ਅੰਤੁ ਨਾ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥
ਆਪਿ ਅਕਾਰ ਆਪਿ ਨਿਰੰਕਾਰ ॥ ਘਟ ਘਟ ਘਟਿ ਸਭ ਘਟ ਆਧਾਰੁ ॥੩॥

[ਗੋਂਡ ਮ: ੫, ਪੰਨਾ ੮੬੩

ਤੈਨੂੰ ਤਾਂ ਕੇਵਲ ਓਹੀ ਵਡਭਾਗੇ ਗੁਰਮੁਖ ਜਨ ਤਤ-ਲਖਤਾ ਵਾਲੇ ਸਰੂਪ ਵਿਚ ਜਾਣ ਸਕਦੇ ਹਨ ਜੋ ਤੇਰੇ ਨਾਮ-ਰੰਗਾਂ ਵਿਚ ਰੰਗੀਜ ਕੇ ਲਾਲੋ ਲਾਲ ਥੀ ਰਹੇ ਹਨ ; ਜੋ ਤੇਰੇ ਸੰਤ ਭਗਤ ਜਨ ਤੇਰਾ ਜਸ ਕਰ ਕਰ ਕੇ ਆਘਾਇ ਰਹੇ ਹਨ ਅਤੇ ਤੇਰੇ ਨਾਮ ਰੰਗਾਂ ਵਿਚ ਆਘਾਇ ਕੇ ਨਿਹਾਲੋ ਨਿਹਾਲ ਹੋਇ ਰਹੇ ਹਨ। ਯਥਾ ਗੁਰਵਾਕ :

ਨਾਮ ਰੰਗਿ ਭਗਤ ਭਏ ਲਾਲ ॥
ਜਸੁ ਕਰਤੇ ਸੰਤ ਸਦਾ ਨਿਹਾਲ ॥

*ਗੋਂਡ ਮ: ੫, ਪੰਨਾ ੮੬੩


www.sikhbookclub.com

ਨਾਮ ਰੰਗਿ ਜਨ ਰਹੇ ਅਘਾਇ ॥
ਨਾਨਕ ਤਿਨ ਜਨ ਲਾਗੈ ਪਾਇ ॥੪॥੩॥੫॥

[ਗੋਂਡ ਮ: ੫, ਪੰਨਾ ੮੬੩

ਆਪਣੀ ਮਸਲਤ ਧਰ ਕਰਕੇ, ਆਪੇ ਜਾਨਣਹਾਰੇ ਹੋਣ ਕਰਿ, ਤੂੰ ਆਪੇ ਪੁਰਖ ਸੁਜਾਨ ਹੈਂ, ਤੂੰ ਆਦਿ ਪੁਰਖੁ ਹੈਂ। ਪੁਰਖ ਹੀ ਨਹੀਂ, ਸੁਜਾਨ ਹੈਂ। ਸੁਜਾਨ ਪੁਰਖ ਭੀ ਕੈਸਾ ਹੈਂ ਕਿ ਸਭ ਦਾ ਪ੍ਰਧਾਨ ਹੈਂ। ਤੂੰ ਐਸਾ ਪ੍ਰਧਾਨ ਸੁਜਾਨ ਪੁਰਖ ਹੈਂ ਕਿ ਤੁਧ ਜੇਵਡ ਹੋਰ ਕੋਈ ਹੈ ਹੀ ਨਹੀਂ। ਤੂੰ ਸਰਬ ਕਲਾ ਸਮਰੱਥ ਪੁਰਖ ਪੁਰਖੋਤਮ ਅਮਰ ਅਟਾਰੜੇ ਸਚਖੰਡ ਧਾਮ ਵਿਚ ਬੈਠਾ ਹੋਇਆ ਆਪਣਾ ਅਮਰ (ਹੁਕਮ) ਚਲਾਵੰਦਾ ਹੈਂ ਅਤੇ ਆਪਣੀ ਅਮਰ ਕਲਾ ਵਰਤਾਵੰਦਾ ਆਪਣੀ ਸਰਬ ਕਲਾ ਸਮਰੱਥ ਦਾ ਸਿੱਕਾ ਚਲਾਵੰਦਾ ਹੈਂ। ਸਭ ਘਟ ਪੂਰਨ ਹੋਇ ਆਪਣੀ ਜ਼ਾਹਰ ਕਲਾ ਦਾ ਇਜ਼ਹਾਰ ਕਰ ਦਿੰਦਾ ਹੈਂ। ਤੇਰਾ ਸ਼ਬਦ ਹੀ ਸ਼ਬਦ ਸਾਰੇ ਵਰਤਦਾ ਹੈ ਅਤੇ ਸ਼ਬਦ ਰੂਪ ਹੋ ਕੇ ਸਭ ਤੂੰਹੇਂ ਵਰਤਦਾ ਹੈਂ ਅਤੇ ਜੋ ਕੁਛ ਤੂੰ ਆਪੇ ਕਰਹਿ ਸੋਈ ਹੋਵੰਦਾ ਹੈ। ਵਾਹਿਗੁਰੂ ਏਕੋ ਹੀ ਸਭ ਮਹਿ ਰਵਿਆ ਹੋਇਆ ਹੈ। ਇਸ ਭੇਦ ਨੂੰ ਤੱਤ ਲਖਤਾ ਕਰਕੇ ਕਉਣ ਬੁਝ ਸਕਦਾ ਹੈ ? ਉਹ ਬੁਝ ਸਕਦਾ ਹੈ ਜਿਸ "ਗੁਰਮੁਖਿ ਲਖਿਆ ਹਰਿ ਨਾਮੁ ਜੀਉ"। ਨਾਮ ਦੇ ਲਖਣੇਹਾਰੇ, ਨਾਮ ਦੇ ਤਤ ਦਰਸੀ, ਨਾਮ ਦਰਸਨਾਂ ਦੇ ਸਾਂਗੋ ਪਾਂਗ ਪੇਖਣਹਾਰੇ ਅਤੇ ਨਾਮ ਦੇ ਜੋਤਿ-ਦਰਸ਼ਨੀ ਸਰੂਪ ਨੂੰ ਪੇਖ ਪੇਖ ਕੇ ਅਨੰਦ ਰੰਗ ਮਾਨਣਹਾਰੇ ਹੀ ਨਾਮੀ ਵਾਹਿਗੁਰੂ ਨੂੰ ਲਖ ਪੇਖ ਸਕਦੇ ਹਨ। ਐਥੇ ਭੀ ਅਤੇ ਸਚਖੰਡੀ ਮੰਡਲ ਵਿਖੇ ਭੀ, ਅਤੇ ਸਾਰੇ ਖੰਡ ਬ੍ਰਹਿਮੰਡਾਂ ਵਿਚ ਭੀ। ਹੇ ਵਾਹਿਗੁਰੂ ! ਜੈਸਾ ਤੂੰ ਅਗਮ ਅਗੋਚਰ ਹੈਂ ਤੈਸਾ ਹੀ ਤੇਰਾ ਸ਼ਬਦ ਭੀ ਅਗੋਚਰ ਹੈ। ਗੁਰਮੁਖਾਂ ਨੇ ਹੀ ਤੇਰੇ ਇਸ ਅਗੋਚਰ ਸ਼ਬਦ ਨੂੰ ਪਾਇਆ ਹੈ ਅਤੇ ਗੁਰ-ਮੁਖਾਂ ਨੇ ਹੀ ਤੇਰੇ ਸ਼ਬਦ ਨਾਮ ਵਿਚ ਸਮਾਇ ਕੇ ਤੇਰੇ ਅਗਮ ਅਗੋਚਰ ਸਰੂਪ ਨੂੰ ਪਾਇਆ ਲਖਿਆ ਲਖਾਇਆ ਹੈ ਅਤੇ ਜੀਉਂਦੇ-ਜੀ ਸਚਖੰਡ ਸਾਮ੍ਹਣੇ ਡੇਰਾ ਲਾਇਆ ਹੈ।


www.sikhbookclub.com

੯

# ਬੈਕੁੰਠ ਤੇ ਬੈਕੁੰਠ-ਵਾਸ ਦਾ ਨਿਰਣਾ

ਓਥੇ, "ਕਈ ਬੈਕੁੰਠ ਨਾਹੀ ਲਵੈ ਲਾਗੇ ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥" *

ਬਸ, "ੴਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ ॥੮॥" *

ਕੇਵਲ ਸਤਿਗੁਰ ਦੇ ਪ੍ਰਸਾਦ ਕਰਿ ਹੀ ਏਕੰਕਾਰ ਨੂੰ ਪਾਇਆ ਜਾ ਸਕਦਾ ਹੈ ਅਤੇ ਏਕੰਕਾਰ ਨਿਰੰਕਾਰ ਦਾ ਦੇਸ ਸਚਖੰਡ ਭੀ ਤਿਨ੍ਹਾਂ ਨੇ ਹੀ ਸਤਿਗੁਰ ਪ੍ਰਸਾਦ ਕਰਿ ਪਾਇਆ ਹੈ ਜਿਨ੍ਹਾਂ ਨੇ ਏਕੰਕਾਰ ਨੂੰ ਪਾਇਆ ਹੈ। "ਸਚਖੰਡਿ ਵਸੈ ਨਿਰੰਕਾਰੁ" ਦੇ ਦਰਸ਼ਨ ਕਰਨਹਾਰਿਆਂ ਨੂੰ ਬੈਕੁੰਠ-ਬਹਿਸ਼ਤਾਂ ਕੀ ਚੀਜ਼ ਹਨ ? ਇਹ ਨੀਵੀਆਂ ਹੀ ਰਹਿ ਜਾਂਦੀਆਂ ਹਨ। ਇਹ ਬਹਿਸ਼ਤਾਂ, ਬੈਕੁੰਠਾਂ ਅਤੇ ਮੁਕਤੀਆਂ ਤਿਥੇ ਲਵੇ ਨਹੀਂ ਲਗ ਸਕਦੀਆਂ, ਤਿਨ੍ਹਾਂ ਨੂੰ ਗੁਰਮੁਖ ਗਿਆਨਵੰਤੇ ਹੰਸਲੇ ਨਾਮ-ਰੰਗੀ-ਜਨ ਸਿਆਣਦੇ ਭੀ ਨਹੀਂ।

ਅਵਰਿ ਸਾਦ ਚਖਿ ਸਗਲੇ ਦੇਖੇ
ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥

[ਮਾਝ ਮ: ੫, ਪੰਨਾ ੧੦੦-੦੧

ਜਾ ਕਉ ਰਸੁ ਹਰਿ ਰਸੁ ਹੈ ਆਇਓ ॥
ਸੋ ਅਨ ਰਸ ਨਾਹੀ ਲਪਟਾਇਓ ॥੨॥ (੪॥੩੩॥੧੦੨॥)

[ਗਉੜੀ ਮ: ੫, ਪੰਨਾ ੧੮੬

ਬੈਕੁੰਠ-ਬਹਿਸ਼ਤਾਂ ਦੇ ਸੁਖ ਰਸ ਮਾਨਣਹਾਰਿਆਂ ਨੂੰ ਉਹ ਸੁਖ ਰਸ ਤਿਲ ਸਮਾਨ ਭੀ ਪ੍ਰਾਪਤ ਨਹੀਂ ਹੁੰਦਾ ਜੋ ਹਰਿ ਰਸ ਆਘਾਨੇ ਨਾਮ ਮਹਾਂ ਰਸ ਦੇ ਰੰਗੀ ਜਨਾਂ ਨੂੰ ਪ੍ਰਾਪਤ ਹੈ। ਇਹ ਨਾਮ ਦਾ ਅੰਮ੍ਰਿਤ ਰਸ ਗੁਰੂ ਘਰ ਦੀ ਸਾਧ ਸੰਗਤ ਵਿਖੇ ਟੁਲ ਟੁਲ ਪਉਂਦਾ ਹੈ। ਗੁਰ ਸਾਧ ਸੰਗਤ ਤੋਂ ਛੁਟ ਇਹ ਅੰਮ੍ਰਿਤ ਰਸ ਹੋਰ ਕਿਤੇ ਹੈ ਹੀ ਨਹੀਂ। ਤਾਂ ਤੇ ਗੁਰ ਸਾਧ ਸੰਗਤ ਦੇ ਹੰਸਲੇ ਜਨ, ਨਾਮ-ਆਹਾਰੀਆਂ ਦੇ ਸਾਹਮਣੇ ਬੈਕੁੰਠਾਂ ਬਹਿਸ਼ਤਾਂ ਦੇ ਸੁਖ ਰਸ ਹੇਚ ਹਨ। ਤਿਨ੍ਹਾਂ ਨੂੰ ਸੁਰਗਾਂ ਬਹਿਸ਼ਤਾਂ ਦੀ ਬਾਂਛਾ ਉਪਜਦੀ ਹੀ ਨਹੀਂ ਜਿਨਾਂ ਨੇ ਬੈਕੁੰਠਾ ਦੀ ਅਕਾਂਖਿਆ ਔੜਦੀ ਹੀ ਨਹੀਂ, ਨਾ ਸੁਖਾਂਦੀ ਹੈ। ਨਾਮ ਮਹਾਂ ਰਸ

*ਮਾਰੂ ਸੋ: ਮ: ੫, ਪੰਨਾ ੧੦੭੮

ਭਰਪੂਰ ਲੀਣੇ ਜਨਾਂ ਕੋਲ ਲੋਕੀ ਬੈਕੁੰਠ ਦੀਆਂ ਬੁਝਾਰਤਾਂ ਪਾਉਂਦੇ ਹਨ, ਤਾਂ ਉਹ ਰਸ-ਪ੍ਰੇਮ-ਭਰੀ ਮਸਤੀ ਵਿਚ ਪੁਕਾਰ ਕਰਦੇ ਹਨ, "ਨ ਜਾਨਾ ਬੈਕੁੰਠ ਕਹਾ ਹੀ", ਯਾਨੀ ਤੁਹਾਡੇ ਬੈਕੁੰਠ ਦੇ ਜਾਣਨ ਦੀ ਲੋੜ ਨਹੀਂ, ਕਿਤੇ ਹੋਊ, "ਜਾਨੁ ਜਾਨੁ ਸਭਿ ਕਹਹਿ ਤਹਾ ਹੀ" । ਸਭ ਕਹਿੰਦੇ ਹਨ ਕਿ ਓਥੇ ਅਰਥਾਤ ਬੈਕੁੰਠ ਵਿਚ ਜਾਣਾ ਹੈ, ਪਰ ਉਹਨਾਂ ਨੇ ਆਪ ਪਰਮਾਤਮਾ ਨੂੰ ਜਾਣਿਆ ਨਹੀਂ ਤੇ ਗੱਲਾਂ ਨਾਲ ਹੀ ਬੈਕੁੰਠ ਸਮਾਇਆ ਲੋੜਦੇ ਹਨ, ਪਰ ਨਾਮ-ਰਸਕ ਅਨੁਰਾਗੀ ਜਨ ਲੋਕਾਂ ਦੀਆਂ ਏਹਨਾਂ ਕਹਿਨ ਕਹਾਵਨ ਵਾਲੀਆਂ ਗੱਲਾਂ ਤੇ ਨਹੀਂ ਪਤੀਆਵੰਦੇ । ਇਹ ਸਭ ਹਉਮੈ ਦੀਆਂ ਰਚਨਾਂ ਹਨ । ਹਉਮੈ ਦਾ ਵਿਨਾਸ ਤਾਂ ਹੋਵੇ ਜੇ ਨਾਮ ਰਸ ਦਾ ਵਿਗਾਸ ਹੋਵੇ । ਤਉ ਮਨ ਮਾਨੈ ਕਿ ਅਸਲ ਬੈਕੁੰਠ ਵਾਸਤਵ ਵਿਚ ਕਿਹੜੀ ਹੈ ? ਜਦ ਤਾਈਂ ਏਹਨਾਂ ਮਹਾਂ ਰਸ ਦੇ ਮੁਕਾਬਲੇ ਵਿਚ ਅਲਪ ਸੁਖਾਂ ਵਾਲੀਆਂ ਬਹਿਸ਼ਤਾਂ ਦੀ ਮਨ ਵਿਚ ਆਸਾ ਤ੍ਰਿਸ਼ਨਾ ਖੁਟਕ ਰਹੀ ਹੁੰਦੀ ਹੈ ਓਦੋਂ ਤਾਈਂ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਨਹੀਂ ਹੁੰਦਾ । ਪਰ ਇਹ ਗੱਲ ਭੀ ਅਸੀਂ ਕਿਸ ਨੂੰ ਕਹਿ ਕੇ ਸੁਣਾਈਏ, ਕੋਈ ਰਾਜ਼-ਸ਼ਨਾਸ ਹੀ ਨਹੀਂ । ਬਸ, ਜਿਸ ਨੇ ਦੇਖਣਾ ਹੈ, ਸੋ ਗੁਰ ਸਾਧ ਸੰਗਤ ਵਿਚ ਆ ਕੇ ਦੇਖ ਲਵੇ । ਉਸ ਨੂੰ ਤਿਥੈ ਨਾਮ ਮਹਾਂ ਰਸ ਗੁਰ-ਦੀਖਿਆ ਦਾ ਅੰਮ੍ਰਿਤ ਛਾਂਦਾ ਮਿਲੇਗਾ, ਤਾਂ ਉਸ ਦਾ ਮਨ ਪਤੀਆਏਗਾ ਕਿ ਸਚੀ ਬੈਕੁੰਠ ਸਚਮੁਚ ਸਾਧ ਸੰਗਤ ਵਿਖੇ ਹੀ ਆ ਕੇ ਪ੍ਰਾਪਤ ਹੁੰਦੀ ਹੈ । ਘਰ ਬੈਠਿਆਂ ਇਸ ਲੋਕ ਵਿਖੇ ਗੁਰਪ੍ਰਸਾਦੀ ਸਾਧ ਸੰਗਤਿ ਕਰਿ ਸਚੀ ਬੈਕੁੰਠ ਦਾ ਰਸ ਮਾਣ ਲਈਦਾ ਹੈ । ਦੂਰ ਮੰਜ਼ਲੀ ਸਤ ਅਸਮਾਨਾਂ ਵਿਚ ਦਸੀਆਂ ਬੈਕੁੰਠ-ਬਹਿਸ਼ਤਾਂ ਦੇ ਭਾਲਣ ਲਈ ਧਾਵਨ ਦੀ ਲੋੜ ਹੀ ਬਾਕੀ ਨਹੀਂ ਰਹਿੰਦੀ । ਯਥਾ :

ਜੋ ਜਨ ਪਰਮਿਤਿ ਪਰਮਨੁ ਜਾਨਾ ॥
ਬਾਤਨ ਹੀ ਬੈਕੁੰਠ ਸਮਾਨਾ ॥ ੧ ॥
ਨ ਜਾਨਾ ਬੈਕੁੰਠ ਕਹਾ ਹੀ ॥
ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ ਰਹਾਉ ॥
ਕਹਨ ਕਹਾਵਨ ਨਹ ਪਤੀਅਈ ਹੈ ॥
ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥
ਜਬ ਲਗੁ ਮਨਿ ਬੈਕੁੰਠ ਕੀ ਆਸ ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥
ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧ ਸੰਗਤਿ ਬੈਕੁੰਠੈ ਆਹਿ ॥੪॥੧੦॥

[ਗਉੜੀ ਕਬੀਰ ਜੀ, ਪ: ੩੨੫


www.sikhbookclub.com

ਜਿਥੇ, ਜਿਸ ਅਸਥਾਨ ਵਿਖੇ, ਜਿਸ ਨਗਰ ਵਿਖੇ ਗੁਰਮੁਖ ਨਾਮ ਜਪਣਹਾਰੇ ਸੰਤ ਜਨਾਂ ਦਾ ਸਤਿਸੰਗ ਮੰਡਲੀ ਵਾਸਾ ਹੈ ਸੋ ਨਗਰ ਬੈਕੁੰਠ ਨਗਰ ਹੈ, ਸੋ ਅਸਥਾਨ ਬੈਕੁੰਠ ਅਸਥਾਨ ਹੈ, ਸਤਿਸੰਗ ਮੰਡਲ ਮਹਿ ਬੈਸ ਕੇ ਨਾਮ ਮਹਾਂ ਰਸ ਦੇ ਗਟਾਕ ਦੂਣੇ ਚਉਣੇ ਭੁੰਚੀਦੇ ਹਨ। ਨਾਮ-ਰਿਦ-ਜੋਤਿ-ਵਿਗਾਸ ਦਾ ਲਿਵ-ਚਰਨ ਨਿਵਾਸੀ-ਬਿਸਮਾਦ-ਆਨੰਦ ਨਾਮ ਅਭਿਆਸੀਆਂ ਨੂੰ ਸਤਿਸੰਗ ਮੰਡਲ ਵਿਖੇ, ਕੀਰਤਨ ਕਰਦਿਆਂ ਸੁਣਦਿਆਂ ਅਧਿਕ ਤੋਂ ਅਧਿਕ ਆਉਂਦਾ ਹੈ। ਜਿਸ ਨੇ ਇਹ ਅਨੰਦ ਰਜ ਮਾਣਨਾ ਹੈ ਤਾਂ ਮਾਣ ਕੇ ਦੇਖ ਲਵੇ। ਸੱਚੀ ਬੈਕੁੰਠ ਦੇ ਮਨ ਤਨ ਕਰਕੇ ਮਾਨਣ ਦਾ ਮਹਾਂ ਸੁਖ ਅਨੰਦ ਕਰਕੇ ਜਿਸ ਨੇ ਦੇਖਣਾ ਹੋਵੇ ਤਾਂ ਨਿਸੰਗ ਅਜ਼ਮਾ ਕੇ ਵੇਖ ਲਵੇ। ਅਨਿਕ ਭੋਜਨਾਂ ਬਿੰਜਨਾਂ ਦੇ ਸੁਅਰਗੀ ਬਹਿਸ਼ਤੀ ਬੈਕੁੰਠੀ ਭੋਗ ਭੀ ਅੰਮ੍ਰਿਤ ਰਸ ਨਾਮ ਬਿੰਜਨ ਦੇ ਮੁਕਾਬਲੇ ਹੇਚ ਤੁਛ ਹਨ। ਅੰਮ੍ਰਿਤ ਨਾਮ ਮਹਾਂ ਰਸ ਦੇ ਅੰਤਰ ਆਤਮੇ ਭੁੰਚਿਆਂ ਅਲੌਕਕੀ ਬਿੰਜਨਾਂ ਭੋਜਨਾਂ ਦੇ ਅਚਰਜ, ਬਿਸਮਾਦ ਅਹਿਲਾਦੀ ਸੁਆਦ ਆਉਂਦੇ ਹਨ, ਜੋ ਵਰਨੇ ਨਹੀਂ ਜਾ ਸਕਦੇ। ਏਹਨਾਂ ਅਸਚਰਜ ਅਮੀ-ਰਸ ਸੁਆਦਾਂ ਨੂੰ ਚਖ ਕੇ ਮਾਇਕ ਪਦਾਰਥਾਂ ਭੋਜਨਾਂ ਬਿੰਜਨਾਂ ਦੀ ਸਭ ਲੋਭ ਲਾਲਸਾ ਮਿਟ ਜਾਂਦੀ ਹੈ ਅਤੇ ਸਾਰੀ ਤ੍ਰਿਸ਼ਨਾ, ਭੋਗ ਰਸ ਭੁੰਚ ਹੰਢਾਉਣੀ ਤ੍ਰਿਸ਼ਨਾ ਬੁਝ ਜਾਂਦੀ ਹੈ। ਪਾਰਬ੍ਰਹਮ ਦੀ ਸ਼ਰਨ ਚਰਨੀ ਮਉਜ ਵਿਚ ਸੁਰਤੀ ਬਿਰਤੀ ਗਲਤਾਨ ਰਹਿੰਦੀ ਹੈ। ਜਨਮਾਂ ਜਨਮਾਂ ਦੇ ਭੈ ਮੋਹ ਨਿਵਾਰਨ ਹੋ ਜਾਂਦੇ ਹਨ। ਐਸੀ ਕਿਰਪਾ ਆਣਿ ਹੁੰਦੀ ਹੈ ਪ੍ਰਮਾਤਮਾ ਦੀ ਗੁਰ ਨਾਨਕ ਸਾਹਿਬ ਦੇ ਦਰ ਘਰ ਦੇ ਨਾਮ ਰਸੀਅੜੇ ਸੇਵਕ ਸਿਖ ਜਨ ਦਾਸਾਂ ਉਤੇ। ਯਥਾ :

ਬੈਕੁੰਠ ਨਗਰੁ ਜਹਾ ਸੰਤ ਵਾਸਾ ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥
ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥
ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ ਰਹਾਉ ॥
ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥
ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥
ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥
ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥
ਜਨਮ ਜਨਮ ਕੇ ਭੈ ਮੋਹ ਨਿਵਾਰੇ ॥
ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥

[ਸੂਹੀ ਮਹਲਾ ੫, ਪੰਨਾ ੭੪੨

ਸੱਚਾ ਬੈਕੁੰਠ ਮਾਨਣਾ ਹੈ ਤਾਂ "ਗੋਬਿੰਦ ਚਰਨ ਨਿਤਿ ਧਿਆਉ" ਗੋਬਿੰਦ ਚਰਨ ਧਿਆਵਣ ਦਾ ਨਿਰਣਾ "ਚਰਨ ਕਮਲ ਕੀ ਮਉਜ" ਨਾਮੇ ਪੁਸਤਕ ਵਿਚ ਪੜ੍ਹ ਕੇ ਦੇਖ ਲਵੋ। ਜੇ ਸਚੀ ਮੁਕਤੀ ਮਈ ਪਦਾਰਥ ਨੂੰ ਪ੍ਰਾਪਤ ਕਰਨਾ ਹੈ ਤਾਂ ਗੁਰ-ਸਾਧ ਸੰਗਤ ਗੁਰੂਦੁਆਰੇ ਆਇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਪਿਆਰਿਆਂ ਤੋਂ "ਅੰਮ੍ਰਿਤੁ ਹਰਿ ਕਾ ਨਾਉ" ਗੁਰਮਤਿ ਨਾਮੁ ਪ੍ਰਾਪਤ ਕਰ ਕੇ ਦੇਖੋ ਅਤੇ ਅਤੁਟ ਨਾਮ ਅਭਿਆਸ ਕਮਾਈਆਂ ਕਰ ਕੇ ਸੱਚੇ ਮੁਕਤ ਪਦਾਰਥ ਦੇ ਰਸ ਭੁੰਚੋ। ਹੇ ਵਾਹਿਗੁਰੂ, ਭਗਵਾਨ ! ਐਸੀ ਕਿਰਪਾ ਕਰੋ ਕਿ ਅਸੀਂ ਗੁਰਦੁਆਰੇ ਢਹਿ ਕੇ ਸਤਿਸੰਗ ਕਰਦੇ ਹੋਏ ਆਪਣਿਆਂ ਕੰਨਾਂ ਦੁਆਰਾ ਅੰਮ੍ਰਿਤ ਬਾਣੀ ਦੇ ਪਾਠ ਕੀਰਤਨ ਮਈ ਤੇਰੀ ਅੰਮ੍ਰਿਤ ਕਥਾ ਨੂੰ ਸੁਣਦੇ ਰਹੀਏ, ਜਿਸ ਕਿਰਪਾ ਦੇ ਹੋਣ ਕਰਿ ਇਸ ਲੋਕ ਵਿਖੇ ਆਇਆਂ ਦੇ ਅਤੇ ਪਰਲੋਕ ਵਿਚ ਗਇਆਂ ਦੇ ਦੋਈ ਪਖ ਪੂਰਨ ਹੋ ਜਾਵਣ, ਅਰਥਾਤ ਹਲਤ ਪਲਤ ਸੁਹੇਲੇ ਹੋ ਜਾਵਣ ਅਤੇ ਸੱਚੇ ਸੁਖ ਬਿਸਰਾਮ ਵਿਚ ਵਾਸਾ ਹੋ ਜਾਵੇ। ਸੋਧ ਸੋਧ ਕੇ ਇਹੀ ਤੱਤਾਂ ਸਿਰ ਤੱਤ ਨਿਕਲਿਆ ਹੈ ਕਿ ਗੁਰਮਤਿ ਭਗਤੀ ਹੀ ਸਭ ਮੁਕਤੀਆਂ ਤੋਂ ਸ੍ਰੇਸ਼ਟ ਮੁਕਤੀ ਹੈ। ਅਤੇ ਗੁਰਮਤਿ ਭਗਤੀ ਹੀ ਸਾਰੀਆਂ ਬੈਕੁੰਠਾਂ ਤੋਂ ਸਿਰਮੌਰ ਅਤੇ ਸੰਪੂਰਨ ਬੈਕੁੰਠ ਹੈ। ਪਰ ਇਹ ਬਿਧ ਤਿਸ ਨੂੰ ਪ੍ਰਾਪਤ ਹੁੰਦੀ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਦੇ ਘਰ ਜਨਮ ਲੈਣ ਕਰਿ ਗੁਰਮਤਿ ਨਾਮ, ਗੁਰ-ਦੀਖਿਆ ਦੀ ਪ੍ਰਾਪਤੀ ਅਤੇ ਅਭਿਆਸ ਕਮਾਈਆਂ ਦੀ ਜੁਗਤੀ ਨਸੀਬ ਹੁੰਦੀ ਹੈ। ਨਹੀਂ ਤਾਂ, ਗੁਰਮਤਿ ਨਾਮ ਬਿਹੂਣ ਹੋਰ ਸਾਰੀਆਂ ਬਿਧਾਂ ਜੁਗਤੀਆਂ ਊਰੀਆਂ ਹਨ। ਯਥਾ ਗੁਰਵਾਕ :

> ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥
> ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥੧॥ਰਹਾਉ॥
> ਊਤਮ ਕਥਾ ਸੁਣੀਜੈ ਸ੍ਰਵਨੀ ਮਇਆ ਕਰਹੁ ਭਗਵਾਨ ॥
> ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥੧॥
> ਸੋਧਤ ਸੋਧਤ ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ ॥
> ਕਹੁ ਨਾਨਕ ਇਕ ਰਾਮ ਨਾਮ ਬਿਨੁ ਅਵਰ ਸਗਲ ਬਿਧਿ ਊਰੀ ॥੨॥
>
> ੬੨॥੮੫॥ [ਸਾਰੰਗ ਮ: ੫, ਪੰਨਾ ੧੨੨੦

ਇਸ ਦਾ ਇਹ ਭਾਵ ਨਹੀਂ ਕਿ ਕੀਰਤਨ ਕੀਤਿਆਂ ਅਤੇ ਨਾਮ ਉਚਰਿਆਂ ਹਿੰਦੂਆਂ ਦੇ ਭਾਵ ਲਖਸ਼ ਵਾਲੀ ਬੈਕੁੰਠ ਮਿਲ ਜਾਂਦੀ ਹੈ। ਬਲਕਿ ਇਹਨਾਂ ਵਾਕਾਂ ਦਾ ਇਹ ਭਾਵ ਹੈ ਕਿ ਕੀਰਤਨ ਅਤੇ ਨਾਮ ਉਚਰਨੇ ਸਤਿਸੰਗ ਮੰਡਲ ਦਾ ਨਿਵਾਸ ਹੀ ਬੈਕੁੰਠ ਵਾਸਾ ਹੈ। ਹੋਰ ਬੈਕੁੰਠ ਬਾਂਛਾਂ ਗੁਰਸਿਖਾਂ ਨੂੰ ਬਿਵਰਜਤ ਹਨ।

ਗੁਰੂ ਨਾਨਕ ਸਾਹਿਬ ਸੱਚੇ ਸਤਿਗੁਰੂ ਸਾਧ ਨੇ ਜਿਥੇ ਜਿਥੇ ਪੈਰ ਧਰਿਆ ਹੈ, ਉਹ ਅਠ ਸਠ ਤੀਰਥ ਬਣ ਗਿਆ। ਸੱਚਾ ਅਠ ਸਠ ਤੀਰਥ ਉਹੀ ਹੈ,

**ਅਠ ਸਠ ਤੀਰਥ**

ਜਿਥੇ ਸਤਿਗੁਰਾਂ ਨੇ ਚਰਨ ਪਾਏ ਹਨ। ਨਹੀਂ ਤਾਂ ਹੋਰ ਤੀਰਥਾਂ ਦੀ ਮਹੱਤਤਾ ਹੀ ਊਰੀ ਹੈ। ਹਾਂ, ਜਿਥੇ ਜਿਥੇ ਗੁਰੂ ਸਾਹਿਬਾਨ ਨੇ ਆਨਤੀਰਥਾਂ ਤੇ ਭੀ ਚਰਨ ਪਾਏ ਹਨ, ਉਹ ਤੀਰਥ ਭੀ ਪਵਿੱਤਰ ਪਾਵਨ ਹੋ ਗਏ ਹਨ। ਹਾਂ ਜੀ.

"ਜਿਥੇ ਬਾਬਾ ਪੈਰ ਧਰੇ ਪੂਜਾ ਆਸਣੁ ਥਾਪਣਿ ਸੋਆ ॥"*

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥
ਸਰਬ ਅਨੰਦ ਜਬ ਦਰਸਨੁ ਪਾਈਐ ॥
ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥੩॥
ਆਪੇ ਘਟਿ ਘਟਿ ਰਹਿਆ ਬਿਆਪਿ ॥
ਦਇਆਲ ਪੁਰਖ ਪਰਗਟ ਪਰਤਾਪੁ ॥
ਕਪਟ ਖੁਲਾਨੇ ਭ੍ਰਮ ਨਾਠੇ ਦੂਰੇ ॥
ਨਾਨਕ ਕਉ ਗੁਰ ਭੇਟੇ ਪੂਰੇ ॥੪॥੧੪॥੨੫॥

[ਰਾਮਕਲੀ ਮ: ੫, ਪੰਨਾ ੮੯੦

ਜਿਥੇ ਜਿਥੇ ਸਚੇ ਸਾਧੂ ਜਨ ਸਤਿਗੁਰੂ ਦੇ ਚਰਨ ਵਿਸ਼ੇਸ਼ ਪ੍ਰਭਾਵਸ਼ਾਲੀ ਵਿਸ਼ਾਲਤਾ ਵਿਚ ਪਸਰਤ ਹੋਏ ਹਨ, ਤਿਥੇ ਦੀ ਮਹਿਮਾ ਤਾਂ ਅੱਤ ਅਪਰ-ਅਪਾਰੁ ਹੈ। ਤੈਸੇ ਪਰਮ ਪਾਵਨ ਗੁਰ ਅਸਥਾਨ ਪਰਥਾਇ ਹੀ "ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ"**ਵਾਲਾ ਗੁਰਵਾਕ ਉਚਾਰਨ ਹੋਇਆ ਹੈ। ਤਿਥੇ ਦਿਆਲ ਪੁਰਖ ਦਾ ਪ੍ਰਗਟ ਪ੍ਰਤਾਪ ਵਰਤਿਆ ਹੈ। ਤਿਨ੍ਹਾਂ ਗੁਰ ਅਸਥਾਨਾਂ ਅਮਿਓ ਸਰੋਵਰਾਂ ਵਿਖੇ ਮਜਨ ਕਰ ਕੇ ਅਮਿਉ-ਮਜਨੀਆਂ ਦੇ ਕਪਾਟ ਖੁਲ੍ਹ ਗਏ ਹਨ। ਸਤਿਗੁਰ ਪੂਰੇ ਦੇ ਭੇਟਣ ਦੀ ਇਹ ਸਚੀ ਵਡਿਆਈ ਹੈ।

ਗੁਰਬਾਣੀ ਅੰਦਰ ਨਾਨਾ ਪ੍ਰਕਾਰੀ ਸਿਧਾਂਤਾਂ ਦੇ ਨਿਰਣੈ ਲਈ ਹੋਰ ਸਾਰੀਆਂ ਸਦਰਸਤਾਵਾਂ ਤਸ਼ਬੀਹਾਂ ਤਾਂ ਦਿਤੀਆਂ ਗਈਆਂ ਹਨ, ਪਰ ਸਚਖੰਡ ਨੂੰ ਕੋਈ ਸਰਦਸਤਾ ਕਿਤੇ ਭੀ ਗੁਰਬਾਣੀ ਅੰਦਰ ਨਹੀਂ ਦਿਤੀ ਗਈ। 'ਸਚਖੰਡ' ਸਚ-ਖੰਡ ਹੀ ਹੈ, ਉਸ ਨੂੰ ਹੋਰ ਸਦਰਸਤਾ ਤਸ਼ਬੀਹ ਸੋਂਹਦੀ ਹੀ ਨਹੀਂ, ਜੈਸੀ ਕਿ ਮੇਰੇ ਸਚਖੰਡ ਧਾਮੀ ਸਚਖੰਡੀ ਸਿਰੀ ਵਾਹਿਗੁਰੂ ਨਿਰੰਕਾਰ ਨੂੰ ਹੋਰ ਸਦਰਸਤਾ

*ਭਾਈ ਗੁਰਦਾਸ ਵਾਰਾਂ, ੫: ੨੭

**ਡਖਣੇ ਮ: ੫, ਪੰਨਾ ੧੩੬੨

 www.sikhbookclub.com

ਨਹੀਂ ਸੋਂਹਦੀ। ਨਾ ਹੀ ਮੇਰੇ ਨਿਰੰਕਾਰ ਜੇਵਡ ਹੋਰ ਕੋਈ ਹੈ ਅਤੇ ਨਾ ਹੀ ਨਿਰੰਕਾਰੀ ਸਚਖੰਡ ਤੁਲ ਹੋਰ ਕੋਈ ਅਸਥਾਨ ਹੀ ਹੈ। ਜਿਨ੍ਹਾਂ ਅਤੁਟ ਕਮਾਈਆਂ ਵਾਲੇ ਨਾਮ-ਅਭਿਆਸੀਆਂ ਨੂੰ ਕਰਣਾ ਕਰਿ, ਗੁਰੂ ਕਰਤਾਰ ਨੇ ਸਚਖੰਡ ਦੇ ਸਚਾਵੇਂ ਦਰਸ ਝਲਕੇ ਕਰਾਏ ਹਨ ਅਤੇ ਕਰਾ ਕੇ ਜਰਾਏ ਹਨ, ਉਹ ਵਰਨਣ ਉਸ ਦਾ ਕਰ ਨਹੀਂ ਸਕਦੇ। ਪੇਖਿ ਪੇਖਿ ਹੈਰਾਨ ਬਿਸਮਾਦ ਹੀ ਹੋਇ ਰਹਿੰਦੇ ਹਨ। ਏਸ ਪ੍ਰਕਾਰ ਵਾਹਿਗੁਰੂ-ਦਰਸ਼ਨਾਂ ਦੀ ਭੀ ਬਿਸਮਾਦ ਕਥਾ ਹੈ, ਜੋ ਅਕਥ ਹੈ ਅਤੇ ਬਰਨੀ ਨਹੀਂ ਜਾ ਸਕਦੀ। ਵਾਹਿਗੁਰੂ-ਦਰਸ਼ਨ ਅਤੇ ਸਚਖੰਡ-ਦਰਸ਼ਨ ਅਭੇਦ ਹਨ। ਉਹ ਫੋਕੀਆਂ ਕਿਆਸ-ਅਰਾਈਆਂ ਕਰਦੇ ਹਨ, ਜਿਨ੍ਹਾਂ ਨੇ ਵਾਹਿਗੁਰੂ ਦਰਸ਼ਨ ਅਤੇ ਸਚਖੰਡ ਦਰਸ਼ਨ ਦੇ ਨਕਸ਼ੇ ਖਿੱਚ ਖਿੱਚ ਕੇ ਚਿੱਤ੍ਰਕਾਰੀਆਂ ਕਰਕੇ ਕਾਗਜ਼ ਕਾਲੇ ਕੀਤੇ ਹਨ, ਸਤਿਗੁਰੂ ਤਿਨ੍ਹਾਂ ਨੂੰ ਸੁਮੱਤ ਬਖਸ਼ੇ, ਨਹੀਂ ਤਾਂ ਉਨ੍ਹਾਂ ਲਈ ਬੜਾ ਘਾਟੇ ਦਾ ਸੌਦਾ ਹੈ। ਅਗੰਮੀ ਮੰਡਲਾਂ ਦੇ ਨਕਸ਼ੇ ਬੰਨ੍ਹਣ ਲਈ ਕਿਆਸੀ ਘੋੜੇ ਦੁੜਾਉਣੇ ਦਿਮਾਗੀ ਉਡਾਰੀਆਂ ਹੀ ਹਨ, ਹੋਰ ਕੁਛ ਨਹੀਂ। ਨਾ ਹੀ ਇਸ ਤੋਂ ਕੁਛ ਹਾਸਲ ਹੈ।

 www.sikhbookclub.com

# ਦਸਮ ਦੁਆਰ - ਸਚਖੰਡ ਆਨੰਦ

ਸਚਖੰਡ ਮੰਡਲ ਦੀ ਖੇਡ ਗੁਰਮੁਖ ਜਨਾਂ ਦੇ ਅੰਦਰ ਵਾਪਰਦੀ ਹੈ। ਉਹ ਪਰਤੱਖ ਇਸ ਖੰਡ ਨੂੰ ਲਖਦੇ ਹਨ ਅਤੇ ਲਖ ਲਖ ਕੇ ਖੀਵੇ ਹੋ ਜਾਂਦੇ ਹਨ। ਪਰ ਉਸ ਖੰਡ ਨੂੰ ਦੂਜਿਆਂ ਪਰ ਕਾਗਤੀ ਨਕਸ਼ੇ ਲਿਖ ਲਿਖ ਕੇ ਲਖਾਉਣ ਦੀ ਸਮਰੱਥਾ ਉਹਨਾਂ ਪਾਸ ਨਹੀਂ ਰਹਿੰਦੀ। ਨਾ ਹੀ ਲਖਾਈ ਜਾ ਸਕਦੀ ਹੈ। ਜਦੋਂ ਗੁਰ-ਕਰਣਾ ਦੁਆਰਾ ਅੰਦਰਲਾ ਗਗਨ ਗਮਨੰਤਰੀ ਹੋ ਕੇ ਗਮਕ ਉਠਦਾ ਹੈ ਤਾਂ ਉਹ ਭੋਗ-ਸੰਜੋਗੀ-ਸੇਜਵਾਲੂਆ ਬੇ-ਖ਼ੁਦ ਹੋ ਕੇ, ਪਰ ਹੁਸ਼ਿਆਰ-ਬਿਰਤਿ ਹੋਸ਼ ਮਸਤੀ ਵਿਚ ਇਉਂ ਪੁਕਾਰ ਉਠਦਾ ਹੈ :

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥...
ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥੨॥

[ਆਸਾ ਮ: ੫ ਛੰਤ ਘਰੁ ੧, ਪੰਨਾ ੪੫੨

ਇਸ ਬਿਧਿ ਰਸ-ਜੋਤਿ-ਸਰਸ਼ਾਤੀਆਂ, ਭੋਗ-ਸੰਜੋਗ-ਸਿਹਜਾਰੀਆਂ ਦਾ ਬੰਕ ਦੁਆਰਾ, ਦਸਮ ਦੁਆਰਾ ਸਚਖੰਡ ਦਰਸ਼ਨਾਂ ਦੇ ਰੌਸ਼ਨ ਕਰਨਹਾਰਾ ਚਾਨਣ-ਮੁਨਾਰਾ ਬਣ ਜਾਂਦਾ ਹੈ। ਜਦ ਸਗਲ ਭਵਨ ਦਾ ਨਾਇਕ ਘਰ ਮੰਦਰ ਅੰਦਰ ਦੀ ਆਣ ਵੁਠਦਾ ਹੈ ਤਾਂ ਸਾਰੇ ਕਉਤਕ ਅੰਤਰਗਤਿ ਹੀ ਵਰਤ ਜਾਂਦੇ ਹਨ। ਆਪੇ ਤੋਂ ਬਾਹਰ ਹੋ ਕੇ ਉਸ ਦਾ ਕੜ ਪਾਟ ਉਠਦਾ ਹੈ ਅਤੇ ਉਸ ਤੋਂ ਰਿਹਾ ਨਹੀਂ ਜਾਂਦਾ, ਭਾਈ ਮਖਣ ਸ਼ਾਹ ਲੁਬਾਣੇ ਵਾਂਗੂ ਆ-ਮੁਹਾਰਾ ਪੁਕਾਰ ਉਠਦਾ ਹੈ :

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮੁ ॥
ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥
ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ ॥
ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ ॥
ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ ॥
ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵਨਿਧਿ ਪਾਈ ॥੩॥

[ਆਸਾ ਮ: ੫ ਛੰਤ ਘਰੁ ੧, ਪੰਨਾ ੪੫੨-੫੩

ਜੋ ਸੁਖ-ਸੇਜ-ਭੋਗੇਲੂਆ ਪਰਮਾਤਮਾ-ਪ੍ਰਾਪਤੀ ਦਾ ਘਟ ਮੰਦਰ ਅੰਦਰ ਹੀ ਰਸ ਭੋਗਦਾ ਹੈ ਅਤੇ "ਪਿਰੁ ਮੇਰੈ ਸੰਗੇ" ਦਾ ਸੋਹਿਲਾ ਅਲਾਪ ਅਲਾਪ ਦਿਨ ਰਾਤਿ ਪਿਰ ਸੰਗ ਰੰਗ-ਰਲੀਆਂ ਮਾਣ ਕੇ ਸੁਆਦ ਅਹਿਲਾਦ ਨੂੰ ਬਿਸਮਾਦ ਹੋਇ ਹੋਇ ਜਜ਼ਬ ਕਰਦਾ ਹੈ ਉਹ ਸਚਮੁਚ ਨਵਨਿਧੀਆਂ ਦਾ ਭੰਡਾਰ ਬਣ

ਜਾਂਦਾ ਹੈ ਤੇ ਉਸ ਨੂੰ ਇਹ ਆਖਣਾ ਖ਼ੂਬ ਫਬਦਾ ਹੈ :

ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥

[ਆਸਾ ਮ: ੫ ਛੰਤ ਘਰੁ ੧, ਪੰਨਾ ੪੫੨

ਇਸ ਕਥਨ ਮਾਤਰ ਵਿਚ ਰਾਈ ਮਾਤਰ ਭੀ ਹਉਮੈ ਦੀ ਕਾਈ ਨਹੀਂ ਹੁੰਦੀ, ਕਿਉਂਕਿ ਉਸ ਨੇ ਜੋ ਕੁਛ ਪਾਇਆ ਹੈ ਸੋ ਸਭ "ਨਾਮੁ ਧਿਆਈ" ਹੀ ਪਾਇਆ ਹੈ। ਇਹ ਸਭ ਨਾਮ ਅਭਿਆਸ, ਗੁਰਮਤਿ ਨਾਮ ਅਭਿਆਸ ਕਮਾਈ ਨੂੰ ਬਰਕਤਾਂ ਹਨ। ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਕਰਿ ਕਰਿ ਹੀ, ਅਤੁਟ ਕਮਾਈ ਕਰਿ ਕਰਿ ਹੀ ਇਸ ਪਦ ਦੀ ਪ੍ਰਾਪਤੀ ਹੁੰਦੀ ਹੈ। ਅਥਾਹ ਪਦ ਨੂੰ ਅਥਾਹ ਕਮਾਈਆਂ ਕਰਕੇ ਹੀ ਪਾਈਦਾ ਹੈ। ਗੁਰਮਤਿ ਨਾਮ ਦੀ ਅਤੁਟ ਕਮਾਈ ਕਰਨਹਾਰੇ ਨੂੰ ਊਣਤਾਈ ਕਿਸੇ ਸ਼ੈ ਦੀ ਨਹੀਂ ਰਹਿੰਦੀ। ਕੋਈ ਏਸ ਗੱਲ ਦਾ ਗਿਲਾ ਨਹੀਂ ਕਰ ਸਕਦਾ ਕਿ ਮੈਨੂੰ ਕਮਾਈ ਨਾਮ ਅਭਿਆਸ ਦੀ ਕਰ ਕੇ ਕੁਝ ਨਹੀਂ ਲਭਾ। ਉਸ ਨੇ ਕਮਾਈ ਹੀ ਨਹੀਂ ਕੀਤੀ, ਕੀਤੀ ਹੋਊ ਤਾਂ ਰੰਚਕ ਮਾਤਰ ਅਲਪ ਕਮਾਈ ਕਰਕੇ ਬਛਾ ਗਿਆ ਹੋਊ। "ਸੇਵਾ ਥੋਰੀ ਮਾਗਨੁ ਬਹੁਤਾ"* ਵਾਲਾ ਗੁਰਵਾਕ ਹੀ ਉਸ ਤੇ ਘਟੂ, ਨਹੀਂ ਤਾਂ ਗੁਰਮਤਿ ਨਾਮ ਅਭਿਆਸ ਕਮਾਈਆਂ ਕਰੀ ਜਾਣ ਵਾਲੇ ਅਤੁਟ ਅਭਿਆਸੀ ਨੂੰ ਘਾਟਾ ਕਿਸੇ ਗੱਲ ਦਾ ਨਹੀਂ ਰਹਿੰਦਾ। ਇਹ ਕਮਾਤਾ ਅਜ਼ਮਾਤਾ ਹੋਇਆ ਗੁਰੂ ਪੰਗਤਾ ਅਟੱਲ ਸਤਤਾ ਵਾਲਾ ਹੈ :

"ਸਭ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥"

ਅਤੁਟ ਅਭਿਆਸ ਤਤ ਕਮਾਈ ਨਾਮ ਧਿਆਈ ਵਾਲੀ ਜਿਸ ਗੁਰਮੁਖ ਭਗਤ ਜਨ ਤੇ **ਕੀਤੀ ਹੈ, ਉਸ ਦਾ ਗੋਵਿੰਦ ਗੁਣੀ** ਨਿਧਾਨ ਵਾਹਿਗੁਰੂ ਸਹਜ ਸੁਭਾਈ ਹੀ ਸਦਾ ਸਦੀਂ ਸਖਾਈ ਬਣ ਗਿਆ ਹੈ ਅਤੇ ਅੰਗ ਸੰਗ ਸਹਾਈ ਹੋ ਗਿਆ ਹੈ। ਉਸ ਦੀ ਸਾਰੀ ਗਣਤ ਮਿਟ ਗਈ ਹੈ। ਉਸ ਦੀਆਂ ਆਨਕਤ ਧਾਈਆਂ ਭੀ ਸਾਰੀਆਂ ਚੁਕਾਈਆਂ ਗਈਆਂ ਹਨ। ਚਿੰਤਾ ਚਿਤਵਨੀਆਂ ਉਸ ਨੂੰ ਫੇਰ ਕਦੇ ਨਹੀਂ ਵਿਆਪਦੀਆਂ। ਚਿੰਤਾ ਧਾਵਨੀਆਂ ਉਥੇ ਕੀ ਰਹਿਣੀਆਂ ਸਨ। ਉਥੇ ਤਾਂ ਅਨਹਦ ਧੁਨੀਆਂ ਦੀ ਰੁਣ-ਝੁਣਕਾਰ ਰੁਮਕ ਉਠਦੀ ਹੈ, ਜਿਸੇ ਅਨਹਦ ਰੁਣ-ਝੁਣਕਾਰ ਵਿਚ ਸਰਚ ਪਰਚ ਕੇ ਉਹ ਅਨੰਦ ਸਰੂਪ ਹੀ ਹੋਇ ਰਹਿੰਦਾ ਹੈ :

**ਐਸੋ ਪਰਚੌ ਪਾਇਓ ॥**
**ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ਰਹਾਉ॥**
ਜਤ ਕਤ ਦੇਖਉ ਤਤੁ ਤਤੁ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥...
ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥

[ਗਉੜੀ ਮ: ੫, ਪੰਨਾ ੨੦੫

*ਸੂਹੀ ਮ: ੫, ਪੰਨਾ ੭੩੮

ਕੀ, ਐਥੇ ਹੁਣ ਮੀਨ ਮੇਖ ਲਾਉਣ ਦੀ ਕੋਈ ਲੋੜ ਹੈ ? ਵਿਆਖਿਆ ਕਰਨ ਦੀ ਏਥੇ ਕੋਈ ਜਾਇ ਨਹੀਂ । ਬੱਸ, ਅਨਹਦ ਬਜਿਆ ਨਹੀਂ ਤੇ ਗੋਬਿੰਦ ਗੱਜਿਆ ਨਹੀਂ । ਬੱਸ, ਜਿਥੇ "ਗੋਬਿੰਦੁ ਗਾਜੇ ਅਨਹਦ ਵਾਜੇ" ਤਿਥੇ "ਅਚਰਜ ਸੋਭ ਬਣਾਈ"* ਤਿਥੇ "ਖੰਡ ਬ੍ਰਹਮੰਡ ਕਾ ਏਕੋ ਠਾਣਾ" ਦਸਮ ਦੁਆਰ ਖੁਲ੍ਹ ਗਿਆ। ਐਸਾ ਪਰਦਾ ਉਠਾਇਓ, ਸਤਿਗੁਰ ਨੇ ਐਸਾ ਪਰਚਾ ਲਾਇਓ ਕਿ ਹੁਣ 'ਇਕ ਠਾਈ" ਹੀ ਜੰਮਿਆ ਰਹੁ । 'ਬਾਹਰਿ ਕੈਠੈ ਜਾਈ" । ਆਹਾ ! ਹੁਣ ਬਾਹਰ ਕੈਂਠੇ ਜਾਣਾ ਹੈ ।

ਦਰਿ ਵਾਜਹਿ ਅਨਹਤ ਵਾਜੇ ਰਾਮ ॥
ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥
ਗੋਵਿੰਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥
ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ ॥
ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ ॥
ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥
੪॥੩॥ [ਵਡਹੰਸੁ ਮਹਲਾ ੫, ਪੰਨਾ ੫੭੮

ਵਾਹ ! ਸੁਖ ਨਾਮ ਭਗਤੀ ! ਧੰਨ ! ਸੁਖੁ ਨਾਮਿ ਭਗਤੀ ! ਧੰਨ ! ਦਰ ਅਨਹਦ ਵਾਜੇ ਵਜਾਉਣਹਾਰੀ ਸੁਖੁ-ਨਾਮਿ-ਭਗਤੀ, 'ਵਾਹੁ' ਸੁਖੁ ਨਾਮ ਗੁਰਮਤਿ ਨਾਮ ਸੁਖ ਸਹਿਜ ਭਗਤੀ, ਜਿਸੁ ਪ੍ਰਤਾਪ ਕਰਿ ਘਟ ਅੰਤਰ ਹੀ ਅਨਹਦ ਵਾਜੇ ਵਜਣ ਲਗ ਪਏ । ਜਿਸ ਦੇ ਪ੍ਰਸਾਦ ਕਰਿ ਘਟ ਘਟ ਅੰਤਰ ਹੀ ਗੋਵਿੰਦ ਗੱਜ ਉਠਿਆ ਅਤੇ ਐਸੀ ਗੱਜਣੀ ਗੱਜਿਆ ਕਿ "ਗੋਵਿੰਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥"** ਅਗਮ ਅਗੋਚਰ ਊਚਾ, ਅਤ ਊਚੀ ਹੂੰ ਊਚਾ, ਗੰਮਤਾ ਤੋਂ ਅਗਮ, ਕਦੇ ਕਿਸੇ ਗੋਚਰਾ ਨ ਹੋਣ ਵਾਲਾ ਅਗੋਚਰ ਗੋਬਿੰਦ ਗੁਰਸੁਖਾਂ ਦੇ ਘਟਾਂ ਅੰਦਰ ਗੱਜ ਵੱਜ ਕੇ ਆ ਪ੍ਰਗਟਿਆ । ਚਮਤਕਾਰ ਮਾਤਰ ਹੀ ਪ੍ਰਗਟ ਨਹੀਂ ਹੋਇਆ, ਸਗੋਂ ਪ੍ਰਗਟ ਹੋਇਆ ਉਸੇ ਖੰਡ ਬ੍ਰਹਿਮੰਡ ਕੇ ਏਕੈ ਠਾਣੇ ਵਿਖੇ ਅਸਥਿਰ ਹੋ ਕੇ ਸਦਾ ਲਈ ਬਿਰਾਜ ਗਿਆ । ਕੈਸੀ ਅਦਭੁਤ ਨਦਰ ਨਿਹਾਲਤਾ ਹੈ । ਕੈਸੀ ਨਦਰ ਕਟਾਖਾਤਾ ਹੈ। ਕੈਸਾ ਪਰਦਾ ਖੋਲ੍ਹਿਆ ਸਤਿਗੁਰ ਨੇ ! 'ਵਾਹ ਧੰਨ' ਮੇਰੇ ਸਤਿਗੁਰ ! ਐਸਾ ਗੁਣ-ਬੇਅੰਤਾ-ਗੋਵਿੰਦ, ਜਿਸ ਦੀ ਬਾਬਤ ਕਿਛ ਕਹਿਣਾ ਹੀ ਨਹੀਂ ਬਣਦਾ । ਜਿਸ ਗੋਬਿੰਦ ਤਾਈਂ "ਕੋਇ ਨ ਸਕੈ ਪਹੂਚਾ" ਮਈ ਕਿਸੇ ਦੀ ਗੰਮਤਾ ਨਹੀਂ । ਉਸ ਊਚ ਪਹੁੰਚ ਤੋਂ ਅਗਹੂਚੇ ਗੋਵਿੰਦ ਨੂੰ ਸਤਿਗੁਰ ਨੇ ਗੁਰਮੁਖ ਭਗਤ ਜਨ ਦੇ ਘਟ, ਮੰਦਰ, ਗੜ੍ਹ, ਦਸਮ ਦੁਆਰ ਵਿਖੇ ਹੀ ਪਰਗਟਾਇ ਦਿਤਾ ਹੈ । ਊਚੀ ਹੂ ਤੇ ਊਚੇ ਅਗਮ ਅਗਹੂਚੇ

*ਆਸਾ ਮ: ੫ ਛੰਤ ਘਰੁ ੧, ਪੰਨਾ ੪੫੩
** ਵਡਹੰਸ ਮ: ੫, ਪੰਨਾ ੫੭੮

ਦਰਬਾਰ ਸਚਖੰਡ ਵਾਲਾ ਨਿਰੰਕਾਰ ਗੋਬਿੰਦ, ਸੱਚੇ ਸਚਖੰਡੀ ਤਖ਼ਤ ਤੇ ਬੈਠਾ ਬਿਰਾਜਮਾਨ ਹੋਇਆ ਹੋਇਆ, ਸਰਬ ਜੀਅ ਜੰਤ ਨੂੰ ਆਪਿ ਉਪਾਇ ਕੇ ਸਾਜਨਾ ਵਿਚ ਸਜਾਇ ਕੇ ਆਪ ਹੀ ਸਰਬ ਦੀ ਪ੍ਰਤਿਪਾਲ ਕਰਦਾ ਹੈ। ਜੋ ਗੋਵਿੰਦ ਵਾਹਿਗੁਰੂ ਆਦਿ ਜੁਗਾਦਿ ਜੁਗੋ ਜੁਗੁ ਸਚਖੰਡ ਵਿਖੇ ਅਸਥਿਰਤਾ ਸਹਿਤ ਬਿਰਾਜਮਾਨ ਚਲਿਆ ਆਉਂਦਾ ਹੈ, ਤਿਸ ਦਾ ਆਦਿ ਜੁਗਾਦਿ ਜੁਗ ਜੁਗ ਕਿਸੇ ਨੇ ਭੀ ਅੰਤ ਨਹੀਂ ਜਾਣਿਆ। ਤਿਸ ਨੂੰ ਸਤਿਗੁਰੂ ਨੇ ਗੁਰਸਿਖਾਂ ਪ੍ਰਤੀ ਸਰਬ ਨਿਰੰਤਰ ਰਵਿ ਰਿਹਾ ਪਰਤੱਖ ਲਖਾ ਦਿਤਾ ਹੈ ਅਤੇ ਉਸ ਦਾ ਅਕਾਲ-ਮੂਰਤੀ, ਅਰੂਪ-ਰੂਪੀ ਸਰੂਪ ਦਰਸਾ ਦਿਤਾ ਹੈ। ਜਦੋਂ ਭੀ ਦਸਮ ਦੁਆਰੇ ਅਨਹਦ ਸ਼ਬਦ ਵਜਦਾ ਹੈ ਤਾਂ ਗੋਬਿੰਦੁ ਦਸਮ ਦੁਆਰ ਤੋਂ ਅਗਮ ਅਪਾਰ ਸਚਖੰਡੀ ਦਰਬਾਰ ਤਾਈਂ ਨਿਰਾਲਾ ਗੱਜਦਾ (ਪਰਤੱਖ ਦਿਖਾਈ ਦਿੰਦਾ) ਹੈ। ਐਸਾ ਹੈ ਮੇਰਾ ਆਨੰਦ ਰੂਪੀ ਰਾਮਈਆ, ਯਥਾ ਗੁਰਵਾਕ :

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥<br>
ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥<br>
ਗੋਬਿੰਦੁ ਗਾਜੈ ਸਬਦੁ ਬਾਜੈ ਆਨਦ ਰੂਪੀ ਮੇਰੋ ਰਾਮਈਆ ॥੧॥ ਰਹਾਉ॥<br>
[ਪ੍ਰਭਾਤੀਨਾਮਦੇਵਜੀਉ, ਪੰਨਾ ੧੩੫੧

ਧੁਰੋਂ ਨਿਵਾਜੇ ਗੁਰਸਿਖ ਮੀਤ ਜਨਾਂ ਨੇ ਐਸੇ ਹਰਿ ਜੀਉ ਪਾਏ ਹੈਂ ਕਿ ਜੋ ਛੋਡ ਨ ਜਾਈ ਸਦ ਹੀ ਸੰਗੇ ਅਨਦਿਨ ਸੰਗਿ ਰਹਾਏ ਹੈਂ। ਅਨਦਿਨ ਅੰਗ ਸੰਗਿ ਪੇਖਿ ਪੇਖਿ, ਗੁਰਮੁਖ ਗੁਰਸਿਖ ਮੀਤ ਜਨਾਂ ਨੇ ਹਰ ਜੀਉ ਸਾਲਾਹੇ ਅਤੇ ਅਨਦਿਨ ਗੁਰਿ ਮਿਲ ਗਾਏ ਹੈਂ। ਐਸੇ ਸਰਬ ਸੁਖੈਨਾ ਮਨੋਹਰ ਪ੍ਰੀਤਮ ਮਿਲੇ ਹੈਂ ਕਿ ਮਿਲ ਕੇ ਛੋਡ ਨ ਕਤਹੂ ਜਾਏ ਹੈਂ। ਅਨਿਕ ਅਨਿਕ ਭਾਂਤ ਪੇਖੇ, ਪਰ ਪ੍ਰਿਅ ਰੋਮ ਨ ਸਮਸਰ ਲਾਏ ਹੈਂ। ਸਚ ਖੰਡੋਂ ਭਾਗਾਂ ਭਰੇ ਮੰਦਰਿ ਸੋਭ ਦੁਆਰੇ (ਦਸਮ ਦੁਆਰ) ਅੰਦਰ ਆਇ ਕੇ ਪ੍ਰਗਟਾਇ ਕੇ ਅਨਹਦ ਰੁਣਝੁਣ ਲਾਏ ਹੈਂ। ਸਤਿਗੁਰ ਦੀ ਕਿਰਪਾ ਦੁਆਰਾ ਘਰ ਬੈਠੇ ਭੀ ਸਚਖੰਡੀ ਨਿਰੰਕਾਰ ਵਾਹਿਗੁਰੂ ਸੇਤੀ ਰੰਗ-ਰਲੀਆਂ ਮੌਜ ਮਾਣਾਏ ਹੈਂ। ਗੁਰੂ ਦੇ ਗੁਰਮੁਖ ਸੰਤ ਭਗਤ ਜਨਾਂ ਗੁਰਸਿਖਾਂ ਨੇ ਗੁਰਮਤਿ ਨਾਮ ਦੀਆਂ ਕਮਾਈਆਂ ਕੀਤੀਆਂ, ਤਿਨ੍ਹਾਂ ਗੁਰਮੁਖਾਂ ਨਾਮ ਵਿਗਾਸੀਆਂ, ਦਰਸ ਪ੍ਰਗਾਸੀਆਂ ਦੇ ਗ੍ਰਿਹਿ ਪ੍ਰਿਆ ਬੀਤੇ ਸਦ-ਬਾਏ ਹੈਂ. ਜਿਥੇ ਸਚਖੰਡ ਜਲਵੇ ਜਲਵਾਏ ਹੈਂ :

ਮੀਤਾ ਐਸੇ ਹਰਿ ਜੀਉ ਪਾਏ ॥<br>
ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨੁ ਗੁਰ ਮਿਲਿ ਗਾਏ ॥੧॥ਰਹਾਉ॥<br>
ਮਿਲਿਓ ਮਨੋਹਰੁ ਸਰਬ ਸੁਖੈਨਾ ਤਿਆਗਿ ਨ ਕਤਹੂ ਜਾਏ ॥<br>
ਅਨਿਕ ਅਨਿਕ ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ ॥੧॥

ਮੰਦਰਿ ਭਾਗੁ ਸੋਭ ਦੁਆਰੈ ਅਨਹਤ ਰੁਣੁ ਝੁਣੁ ਲਾਏ ॥
ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ ਥੀਤੇ ਸਦ ਥਾਏ ॥੨॥੧॥੨੭
[ਦੇਵ ਗੰਧਾਰੀ ਮ: ੫, ਪੰਨਾ ੫੩੩

ਗੁਰਮੁਖਾਂ ਦੇ ਮਨ ਵਿਖੇ ਹੀ ਅਗਮ ਰੂਪ ਨਿਰੰਕਾਰ, ਸਚਖੰਡ ਦੁਆਰੜੀਏ ਨਿਰੰਕਾਰ ਦਾ ਠਾਣਾ (ਥਾਨਾ) ਪੈ ਜਾਂਦਾ ਹੈ, ਪਰ ਗੁਰਪ੍ਰਸਾਦਿ ਕਰਿ ਕਿਸੇ ਵਿਰਲੇ ਨੇ ਇਸ "ਖੰਡ ਬ੍ਰਹਮੰਡ ਕਾ ਏਕੋ ਠਾਣਾ"* ਮਈ ਤੱਤ ਰਾਜ਼ ਨੂੰ ਜਾਣਿਆ ਹੈ । ਤਿਨ੍ਹਾਂ ਦੇ ਘਟ ਅੰਤਰ ਹੀ ਸਹਜ ਪਦ ਵਾਲੇ ਅੰਮ੍ਰਿਤ-ਕੁੰਡ ਉਗਵ ਪਏ ਹਨ । ਇਹ ਅੰਮ੍ਰਿਤ-ਕੁੰਡ ਜਿਸ ਨੂੰ ਪ੍ਰਾਪਤ ਹੋਏ ਹਨ, ਤਿਸ ਨੇ ਹੀ ਅੰਮ੍ਰਿਤ ਗਟਾਕ ਇਸ ਵਿਚੋਂ ਭਰ ਭਰ ਕੇ ਭੁੰਚੇ ਹਨ । ਅਨਹਦ ਬਾਣੀ ਵਾਲਾ ਥਾਨ ਨਿਰਾਲਾ ਤਿਨ੍ਹਾਂ ਨੂੰ ਹੀ ਸਾਕਸ਼ਾਤਕਾਰ ਹੋਇਆ ਹੈ । ਦਸਮ ਦੁਆਰ ਤੇ ਸਚਖੰਡ ਦੀ ਵਿਥ ਮਿਲ ਕੇ ਇਕ ਹੋ ਗਈ ਹੈ । ਸਚਖੰਡੀ ਗੁਪਾਲ ਧੁਨ ਮੋਹਨੀ ਅਨਹਦ ਵਾਜੇ ਤਿਨ੍ਹਾਂ ਨੂੰ ਦਸਮ ਦੁਆਰ ਵਿਖੇ ਹੀ ਸੁਣਾਈ ਦੇਣ ਲਗ ਪਏ ਹਨ । ਤਿਥੇ ਸਚਖੰਡ ਵਿਖੇ ਐਥੇ ਬੈਠਿਆਂ ਹੀ ਦਸਮ ਦੁਆਰ ਖੁਲ੍ਹੇ ਤੋਂ ਪਾਰਬ੍ਰਹਮ ਦੇ ਸੰਗੀ ਸੰਤਾਂ ਭਗਤਾਂ ਦੇ ਅਨੇਕ ਅਨੰਤ ਅਖੰਡ ਕੀਰਤਨੀ ਸਹਜ ਧੁਨ ਅਨਹਦ ਆਖਾੜੇ ਲਗ ਰਹੇ ਦਿਖਾਈ ਦਿੰਦੇ ਹਨ । ਜਿਥੇ ਅਨੰਤ ਅਨੰਦ ਹੀ ਅਨੰਦ ਹੈ ਅਤੇ ਅਖੰਡ ਆਨੰਦ ਤੋਂ ਬਿਨਾਂ ਹੋਰ ਕਿਸੇ ਸ਼ੋਕ ਦੀ ਰਾਈ ਮਾਤਰ ਗੁੰਜਾਇਸ਼ ਨਹੀਂ । ਸੋ ਐਸਾ ਘਰ ਅਸਥਾਨ, ਸਚ ਖੰਡ ਵਿਖੇ ਗੁਰ ਨਾਨਕ ਅਤੇ ਗੁਰੂ ਨਾਨਕ ਦੇ ਘਰ ਦੇ ਗੋਲੇ ਅਨਿਕ ਗੁਰਸਿਖਾਂ ਦੇ ਵਿਰਸੇ ਵਿਚ ਹੀ ਆਇਆ ਹੈ । ਯਥਾ ਗੁਰਵਾਕ :

ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ ਰਹਾਉ॥
ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥੨॥
ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥੩॥
ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥
੩੫॥੧੦੪॥ [ਗਉੜੀ ਮਹਲਾ ੫, ਪੰਨਾ ੧੮੬

ਮੇਰੇ ਚੋਜੀ ਵਾਹਿਗੁਰੂ ਭਗਤ ਵਛਲ ਨੇ ਇਹ ਬਿਰਦ ਆਪ ਬਣਾਇਆ ਹੈ ਕਿ ਜਿਥੇ ਜਿਥੇ ਭੀ ਜਿਸ ਕਿਸੇ ਗੁਰ-ਹੁਕਮੀ ਬੰਦੇ ਸੰਤ ਭਗਤ ਨੇ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਿ ਵਾਹਿਗੁਰੂ ਦੀ ਅਰਾਧਨਾ ਕੀਤੀ ਹੈ, ਤਿਥੇ

* ਗਉੜੀ ਮ: ੫, ਪੰਨਾ ੨੦੫

ਤਿਥੇ ਹੀ, ਤਿਸ ਗੁਰਮੁਖ ਸੰਤ ਭਗਤ ਦੇ ਘਟ ਵਿਖੇ ਵਾਹਿਗੁਰੂ ਨੇ ਆਪਣੇ ਸਚਖੰਡੀ ਸਰੂਪ ਦਾ ਜਲਵਾ ਦਿਖਾਇ ਪ੍ਰਗਟਾਇ ਦਿਤਾ ਹੈ ਅਤੇ ਜਲਵਾ ਦਿਖਾਇ ਕੇ ਆਪਣੇ ਦਰਸ-ਜਲਵੀ ਭਗਤ ਜਨਾਂ ਨੂੰ ਆਪਣੇ ਹੀ ਸਰੂਪ ਵਿਖੇ ਸਮਾਇ ਲਿਆ ਹੈ। ਇਸ ਬਿਧਿ ਸਹਿਜ ਸੁਭਾਇ ਹੀ ਆਪਣੇ ਭਗਤ ਜਨਾਂ ਦਾ ਦਰਸ-ਆਦਰਸ਼ੀ ਪਰਮ ਮਨੋਰਥ ਪੂਰਾ ਕਰ ਦਿਤਾ ਹੈ। ਆਪਣੇ ਸਰੂਪ ਵਿਖੇ ਸਮਾਇ ਕੇ ਅਤੇ ਆਪਣੇ ਨਿਕਟ ਨਿਕਟਾਇ ਕੇ ਭੀ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਨੇ ਆਪਣੇ ਸੰਗੀ ਸੰਤਾਂ ਭਗਤਾਂ ਨੂੰ ਐਸਾ ਵਡੀ ਹੂੰ ਵਡਾ ਅਪਾਰ ਸਿਫਤ ਸਾਲਾਹ ਵਿਲੱਖਣ ਮਰਤਬਾ ਬਖਸ਼ਿਆ ਹੈ ਕਿ ਉਹ ਵਾਹਿਗੁਰੂ ਦੇ ਸਰੂਪ ਵਿਖੇ ਸਮਾ ਕੇ ਭੀ "ਆਨੰਦ ਹਰਿ ਜਸ ਮਹਾਂ ਮੰਗਲ"* ਗਾਵਨ ਦਾ ਕੀਰਤਨ ਕੌਤੂਹਲ ਅਖੰਡ ਆਨੰਦ ਮਾਣਦੇ ਰਹਿੰਦੇ ਹਨ। ਵਿਛੋੜੇ ਦੇ ਸਰਬ ਦੂਖ ਵਿਸੂਰੇ ਉਹਨਾਂ ਦੇ ਮਿਟ ਜਾਂਦੇ ਹਨ। ਕਿਉਂਕਿ ਇਸ ਪਦ ਅਮਰਾਇ ਕੇ ਬਹੁੜ ਫੇਰ ਵਿਛੋੜਾ ਹੋਣਾ ਹੀ ਨਹੀਂ ਪਾਉਂਦਾ। ਸਚਖੰਡ ਨਿਵਾਸੀ ਨਿਰੰਕਾਰ ਦਰਸ਼ਨ ਸਹਜਾਸੀ ਭਗਤ ਜਨਾਂ ਨੂੰ ਏਕੋ ਹੀ ਪ੍ਰਿਆ ਪ੍ਰੀਤਮ ਵਾਹਿਗੁਰੂ ਨਿਰੰਕਾਰ ਦਾ ਦਰਸ-ਝਲਕਾਰੀ-ਚਮਤਕਾਰ ਪ੍ਰਗਾਸ ਹੀ ਪ੍ਰਗਾਸ ਜਲਵੇ ਮਾਰਦਾ ਦਹਿਦਿਸ ਦਿਖਾਈ ਦਿੰਦਾ ਹੈ। ਭਗਤ ਵਛਲ ਵਾਹਿਗੁਰੂ ਆਪਣੇ ਅਨਿੰਨ ਭਗਤ ਜਨਾਂ ਨੂੰ ਹੀ ਅਜਿਹੇ ਜਲਵੇ ਪਰਤੱਖ ਦਿਖਾਉਂਦਾ ਹੈ। ਇਹ ਉਸ ਦਾ ਬਿਰਦ ਹੈ ਅਤੇ ਗੁਰੂ ਨਾਨਕ ਸਾਹਿਬ ਵਾਹਿਗੁਰੂ ਦੇ ਚਰਨ ਚੁੰਮ ਚੁੰਮ ਕੇ ਇਹੋ ਮੰਗਾਂ ਮੰਗਦੇ ਹਨ ਕਿ ਅਗੇ ਲਈ ਭੀ ਸਦੀਵ ਜੁਗੋ ਜੁਗ ਆਪਣੇ ਬਿਰਦ ਦੀ ਲਾਜ ਏਸ ਪਰਕਾਰ ਹੀ ਰਖਦੇ ਰਹਿਣਾ। ਯਥਾ ਗੁਰਵਾਕ :

ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥
ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ ॥
ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥
ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥
ਚਮਤਕਾਰ ਪ੍ਰਗਾਸੁ ਦਹਦਿਸ ਏਕੁ ਤਹ ਦ੍ਰਿਸਟਾਇਆ ॥
ਨਾਨਕੁ ਪਇਅੰਪੈ ਚਰਣ ਜੰਪੈ
ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ੪॥੩॥੬॥

[ਆਸਾ ਮ: ੫, ਪੰਨਾ ੪੫੬-੫੭

ਸਚਖੰਡ ਵਿਖੇ ਨਿਰੰਕਾਰ ਵਾਹਿਗੁਰੂ ਦਾ ਸਨਮੁਖ ਦੀਦਾਰ ਕਰਦੇ ਹੋਏ ਸਚਖੰਡ ਵਾਸੀ ਗੁਰਮੁਖ ਸੰਤ ਭਗਤ ਜਨ ਪ੍ਰਸਪਰ ਮਿਲ ਕੇ ਪ੍ਰਭੂ ਪਰਮਾਤਮਾ

* ਆਸਾ ਮ: ੫, ਪੰਨਾ ੪੫੭

ਵਾਹਿਗੁਰੂ ਪ੍ਰੀਤਮ ਦਾ ਜੈਕਾਰ ਗਾਵੰਦੇ, ਕੀਰਤਨ ਉਚਰਾਵੰਦੇ ਰਹਿੰਦੇ ਹਨ ਅਤੇ ਤਿਥੇ (ਸਚਖੰਡ ਵਿਖੇ) ਅਨੰਦ ਬਿਨੋਦ ਸਦਾ ਅਨਹਦ ਝੁਨਕਾਰਿਆਂ ਦੀ ਰੁਣਝੁਣਕਾਰ ਰਹਿੰਦੀ ਹੈ। ਯਥਾ :

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥
ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥...੨॥

[ਬਿਹਾਗੜਾ ਮ: ੫, ਪੰਨਾ ੫੪੫

ਸਚਖੰਡੀ ਸੁਖ ਮਹਲ ਊਚ ਦੁਆਰੇ ਵਿਖੇ ਭਗਤ ਵਸਦੇ ਹਨ ਅਤੇ ਅਨਦਿਨ ਕੌਤੂਹਲ ਕਰਦੇ ਹਨ, ਜਿਸ ਸਹਿਜ ਪਦ ਦੀ ਅਕਥਨੀਯ ਦਰਸ ਝਾਕੀ ਅਤਿ ਮੀਠੀ ਹੈ। ਤਿਥੇ ਸਚਖੰਡ ਵਿਖੇ ਹਰਿ ਰੰਗੀ ਸੰਤ ਜਨਾਂ ਦੇ ਅਖੰਡ ਕੀਰਤਨ ਸੰਗੀਤ ਦੇ ਅਨਹਦ ਨਾਦੀ ਅਖਾੜੇ ਲਗੇ ਰਹਿੰਦੇ ਹਨ। ਤਿਥੇ ਸੰਸਾਰਕ ਜੰਮਣ ਮਰਣ ਅਤੇ ਹਰਖ ਸੋਗ ਨਹੀਂ ਵਿਆਪਦੇ। ਸਦ ਜੀਵਨੀ ਜੀਵਨ ਹੀ ਬਣੇ ਰਹਿੰਦੇ ਹਨ ਤੇ ਸਚ ਨਾਮ ਕੀ ਅੰਮ੍ਰਿਤ ਬਰਖਾ ਤਿਥੇ ਸਦੀਵ ਕਾਲ ਹੀ ਹੁੰਦੀ ਰਹਿੰਦੀ ਹੈ। ਕੇਵਲ ਸਤਿਗੁਰੂ ਦੁਆਰਾ ਹੀ ਇਹ ਗੁਹਜ ਕਥਾ ਨਿਰੰਕਾਰ ਤੇ ਸਚਖੰਡ ਦਰਬਾਰ ਦੀ ਜਾਣੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੀ ਇਹ ਧੁਰ ਕੀ ਬਾਣੀ ਦੀ ਸਾਖਾ ਸਦਾ ਅਟੱਲ ਹੈ। ਯਥਾ ਗੁਰਵਾਕ :

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥ ੧ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ॥
ਤਹ ਗੀਤ ਨਾਦ ਅਖਾਰੇ ਸੰਗਾ ॥
ਊਹਾ ਸੰਤ ਕਰਹਿ ਹਰਿ ਰੰਗਾ ॥ ੨ ॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥
ਸਾਚ ਨਾਮ ਕੀ ਅੰਮ੍ਰਿਤ ਵਰਖਾ ॥ ੩ ॥
ਗੁਹਜ ਕਥਾ ਇਹ ਗੁਰ ਤੇ ਜਾਣੀ ॥
ਨਾਨਕੁ ਬੋਲੈ ਹਰਿ ਹਰਿ ਬਾਣੀ ॥ ੪ ॥ ੬॥ ੧੨॥

[ਸੂਹੀ ਮਹਲਾ ੫, ਪੰਨਾ ੭੩੯

ਬਿਨਾ ਬਜਾਏ ਤੋਂ ਇਕ ਰਸ ਵੱਜੀ ਗੱਜੀ ਜਾਣ ਵਾਲੇ ਅਨਹਦ ਸ਼ਬਦ ਦਸਮ ਦੁਆਰ ਖੁਲ੍ਹਣ ਤੋਂ ਬਜਦੇ ਸੁਣਿ ਸੁਣਿ ਬਿਸਮਾਦ-ਜਨਕ ਹੈਰਾਨਗੀ ਇਹ ਦੇਖ ਕੇ ਉਪਜਦੀ ਹੈ ਕਿ ਦਸਮ ਦੁਆਰੇ ਪ੍ਰਗਟੰਦੜਾ ਵਾਹਿਗੁਰੂ ਪ੍ਰੀਤਮ ਪਿਆਰਾ ਸਚਖੰਡੀ ਉਚੜੀਆਂ ਮਹਲ ਮਾੜੀਆਂ ਵਿਖੇ ਭੀ ਤਿਹ ਲੋਆਂ ਸਿਰਤਾਜ ਬਣ ਕੇ ਸਭਹੂੰ ਮਧ ਅਤੇ ਸਭ ਤੇ ਨਿਆਰਾ ਭੀ ਭਿੰਨ ਅਭਿੰਨ ਹੋ ਕੇ ਨਿਖਰਵਾਂ

ਨਜ਼ਰ ਆਉਂਦਾ ਹੈ। ਇਹ ਸਭਹੂ ਦੇ ਮਧ ਤੇ ਸਭਹੂ ਤੇ ਨਿਆਰੇ ਬਿਸਮ ਗੁਣਾਂ ਵਾਲੇ ਪਿਰ ਪ੍ਰੀਤਮ ਨੂੰ ਨਿਰਾਲਾ ਸਚਖੰਡ ਵਿਖੇ ਪੇਖ ਕੇ ਅਤੇ ਸਰਬ ਮਧਿਆਨਾ ਜ਼ਾਹਰ ਜ਼ਹੂਰੀ ਹਜ਼ੂਰੀ ਵਿਚ ਪੇਖ ਕੇ ਚੱਕ੍ਰਿਤ ਰਹਿ ਜਾਈਦਾ ਹੈ।

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥...
੪॥੧॥੩॥ [ਸੂਹੀ ਮ: ੧ ਘਰ ੩, ਪੰਨਾ ੭੬੫

ਇਸ ਜਗਿ-ਜੀਵਨ ਯਾਤਰਾ ਵਿਖੇ ਭੀ ਗੁਰਮੁਖ ਜਨਾਂ ਨੂੰ ਦਸਮ ਦੁਆਰੜੇ ਕਿਵਾੜ ਖੋਲ੍ਹ ਕੇ ਪਿਆਰਾ ਆਪਣੇ ਮਹਿਲ ਸਚਖੰਡ ਵਿਖੇ ਬੁਲਾ ਲੈਂਦਾ ਹੈ ਅਤੇ ਸਰੀਰ ਤਿਆਗ ਕੇ ਪਰਲੋਕ ਗਮਨ ਸਮੇਂ ਤਾਂ ਬੁਲਾਉਣਾ ਹੀ ਸੀ। ਸਚਖੰਡ ਆਪਣੇ ਮਹਿਲਾਂ ਵਿਖੇ ਬੁਲਾ ਕੇ ਆਪਣਾ ਸਾਂਗੋ ਪਾਂਗ ਦਰਸ਼ਨ ਦਿਖਲਾਇ ਦਿੰਦਾ ਹੈ, ਮੇਰਾ ਮੇਹਰ ਨਦਰਾਂ ਵਾਲਾ ਪਿਆਰਾ। ਅਤੇ ਸਾਰੇ ਆਤਮ ਪ੍ਰਮਾਤਮ ਦੀ ਵਿਥ ਵਾਲੇ ਦਰਸ ਛੇਦਨੋ ਪਰਦਿਆਂ ਦੇ ਛਉੜ ਕੱਟ ਕੇ ਆਪਣੀ ਦਰਸ-ਮਿਲਾਪਤਾ ਵਿਚ ਇਕ-ਮਿਕ ਕਰ ਦੇਂਦਾ ਹੈ। ਯਥਾ :

ਖੋਲਿ ਕਿਵਾਰਾ ਮਹਲਿ ਬੁਲਾਇਆ ॥
ਜੈਸਾ ਸਾ ਤੈਸਾ ਦਿਖਲਾਇਆ ॥
ਕਹੁ ਨਾਨਕ ਸਭੁ ਪੜਦਾ ਤੂਟਾ ॥
ਹਉ ਤੇਰਾ ਤੂ ਮੈ ਮਨਿ ਵੂਠਾ ॥੪॥੩॥੧੪॥

[ਰਾਮਕਲੀ ਮ: ੫, ਪੰਨਾ ੮੯੭


www.sikhbookclub.com

# ਸਾਧ ਸੰਗਤ-ਸਚਖੰਡ ਦਾ ਨਿਰਣਾ

ਗੁਰੂ ਨਾਨਕ ਨਿਰੰਕਾਰੀ ਨੇ ਦਸ ਗੁਰ-ਜਾਮੇ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ"* ਦੇ ਭਾਵ ਅਨੁਸਾਰ ਧਾਰ ਕੇ ਨਿਰੰਕਾਰੀ ਸਚਖੰਡ ਦਾ ਕੀਰਤਨ ਕੁਲਾਹਲੀ ਪਰਵਾਹ, ਧੁਰੋਂ ਸਚਖੰਡੋਂ ਉਤਰੀ ਬਾਣੀ ਦਾ ਅਖੰਡ ਕੀਰਤਨੀ ਪਰਵਾਹ, ਪਾਰਲੋਕੋਂ (ਸਚਖੰਡੋਂ) ਲਿਆ ਕੇ ਇਸ ਲੋਕ ਵਿਖੇ, ਇਸ ਧਰਤੀ ਉਤੇ ਗੁਰੂ ਸਾਧ ਸੰਗ-ਸਮਾਗਮੀ ਮੰਡਲ ਰਚ ਕੇ ਹੂਬਹੂ ਸਚਖੰਡੀ ਕੀਰਤਨ ਕਰਨ ਵਿਖੇ ਹੀ ਚਲਾਇਆ, ਜਿਸ ਕਰਕੇ ਗੁਰੂ ਘਰ ਦੇ ਅਖੰਡ ਕੀਰਤਨੀ ਸਤਿਸੰਗ ਮੰਡਲ ਸਚਖੰਡ ਦਾ ਨਮੂਨਾ ਹੀ ਬਣ ਗਏ। ਸਿਰੀ ਅੰਮ੍ਰਿਤ ਸਰੋਵਰ ਮਧਿਆਨੀ ਹਰੀਮੰਦਰ ਦਰਬਾਰ ਸਾਹਿਬ ਤਾਂ ਵਿਸ਼ੇਸ਼ ਕਰਕੇ "ਸਾਧ ਸੰਗਤਿ ਸਚਖੰਡੁ ਵਸਾਇਆ"* ਦਾ ਹੂਬਹੂ ਨਮੂਨਾ ਇਸ ਧਰਤੀ ਉਪਰ ਕਾਇਮ ਦਾਇਮ ਹੋ ਗਿਆ। ਗੁਰੂ ਨਾਨਕ ਨਿਰੰਕਾਰੀ ਦੇ ਆਗਮਨ ਤੋਂ ਪਹਿਲਾਂ ਇਹ ਸਚਖੰਡੀ ਕੀਰਤਨ ਦਰਬਾਰੀ ਮੰਡਲ ਦੇ ਨਮੂਨੇ ਇਸ ਧਰਤੀ ਇਸ ਲੋਕ ਵਿਖੇ ਕਿਤੇ ਭੀ ਨਹੀਂ ਸਨ, ਕਿਉਂ ਜੁ ਧੁਰੋਂ ਸਚਖੰਡੋਂ ਅਵਤਰੀ ਅੰਮ੍ਰਿਤ ਬਾਣੀ ਅਜੇ ਅਵਤਰੀ ਹੀ ਨਹੀਂ ਸੀ। ਅਵਤਰੀ ਤਾਂ ਧੁਰੋਂ ਪਠਾਏ ਗੁਰ ਨਾਨਕ ਜੋਤਿ ਜਾਮੀਏ ਗੁਰੂ ਸਾਹਿਬਾਨ ਦੁਆਰਾ ਅਵਤਰੀ। ਤਾਂ ਤੇ ਗੁਰੂ ਨਾਨਕ ਸਾਹਿਬ ਜੀ ਨੇ ਅਰਸ਼ਾਂ ਕੁਰਸਾਂ ਤੋਂ ਆ ਕੇ ਇਸ ਫ਼ਰਸ਼ੀ ਦੁਨੀਆ ਤੇ ਸਾਧ-ਸੰਗ ਸਚਖੰਡ ਆਣ ਵਸਾਇਆ, ਜੈਸਾ ਕਿ ਭਾਈ ਗੁਰਦਾਸ ਜੀ ਦਾ ਮਹਾਂਵਾਕ ਹੈ :

ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਥਾਟ ਬਣਾਇਆ ॥
ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ ॥
ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥੁ ਚਲਾਇਆ ॥
ਪੂਰੇ ਪੂਰਾ ਦਰਸਨੋ ਪੂਰੇ ਪੂਰਾ ਸਬਦ ਸੁਣਾਇਆ ॥
ਪੂਰੇ ਪੂਰਾ ਬਹਿਣ ਕਰਿ ਪੂਰੇ ਪੂਰਾ ਤਖਤ ਰਚਾਇਆ ॥
ਸਾਧਸੰਗਤ ਸਚਖੰਡੁ ਹੈ ਭਗਤਿ ਵਛਲੁ ਹੋਇ ਵਸਗਤਿ ਆਇਆ ॥
ਸਾਧ ਸੰਗਤ ਸਚੁ ਨਾਉ ਗੁਰ ਗਿਆਨੁ ਧਿਆਨੁ ਸਿਖਾਂ ਸਮਝਾਇਆ ॥
ਗੁਰ ਚੇਲੇ ਪਰਚਾ ਪਰਚਾਇਆ ॥ ੧ ॥ [ਵਾਰ ਛੇਵੀਂ

---

* ਸਤੇ ਬਲਵੰਡ ਦੀ ਵਾਰ ---- ਪੰਨਾ ੯੬੬

** ਭਾਈ ਗੁਰਦਾਸ, ਵਾਰ ੨੯, ਪ: ੧

ਤਥਾ—ਪਾਰਬ੍ਰਹਮ ਪੂਰਨ ਬ੍ਰਹਮੁ ਨਿਰੰਕਾਰਿ ਆਕਾਰੁ ਬਣਾਇਆ ॥
ਅਬਿਗਤਿ ਗਤਿ ਅਗਾਧਿ ਬੋਧ ਗੁਰ ਮੂਰਤਿ ਹੋਇ ਅਲਖੁ ਲਖਾਇਆ ॥
ਸਾਧ ਸੰਗਤਿ ਸਚਖੰਡ ਵਿਚਿ ਭਗਤਿ ਵਛਲ ਹੋਇ ਅਛਲ ਛਲਾਇਆ ॥
ਚਾਰਿ ਵਰਨਿ ਇਕ ਵਰਨ ਹੁਇ ਆਦਿ ਪੁਰਖੁ ਆਦੇਸੁ ਕਰਾਇਆ ॥
ਧਿਆਨ ਮੂਲੁ ਦਰਸਨੁ ਗੁਰੂ ਛਿਅ ਦਰਸਨ ਦਰਸਨ ਵਿਚਿ ਆਇਆ ॥
ਆਪੇ ਆਪਿ ਨ ਆਪੁ ਜਣਾਇਆ ॥ ੧੮ ॥ [ਵਾਰ ੧੬

**ਵਿਆਖਿਆ**—ਪੂਰਨ ਬ੍ਰਹਮ ਪਾਰਬ੍ਰਹਮ ਵਾਹਿਗੁਰੂ ਨਿਰੰਕਾਰ ਆਪ ਆਕਾਰ ਧਾਰ ਕੇ ਗੁਰੂ ਨਾਨਕ ਸਰੂਪ ਜੋਤਿ ਜਾਮੇ ਵਿਚ ਪ੍ਰਗਟ ਹੋਇਆ ਅਤੇ ਆਪਣੇ ਅਬਿਗਤ ਗਤੀ ਵਾਲੇ ਅਗਾਧ ਬੋਧ ਅਲੱਖ ਸਰੂਪ ਨੂੰ ਗੁਰ ਮੂਰਤ ਹੋਇ ਕੈ, ਅਰਥਾਤ, ਗੁਰੂ ਨਾਨਕ ਦਾ ਜੋਤਿ ਜਾਮਾ ਧਾਰ ਕੇ ਸੰਸਾਰੀ ਜੀਵਾਂ ਪ੍ਰਤੀ ਲਖਾਇਆ, ਕਿਉਂਕਿ ਸਾਧ ਸੰਗਤ ਰੂਪੀ ਸਚਖੰਡ ਵਸਾ ਕੇ ਇਸ ਸਾਧ ਸੰਗਤਿ ਰੂਪੀ ਸਚਖੰਡ ਵਿਖੇ ਭਗਤ ਵਛਲ ਹੋਇ ਕੇ ਆਣ ਉਤਰਿਆ। ਇਸ ਬਿਧ ਉਸ ਅਛਲ ਰੂਪ ਨੇ ਸਾਧ ਸੰਗਤ ਅਤੇ ਭਗਤਾਂ ਦੇ ਵਸਗਤਿ ਹੋ ਕੇ ਆਪਣੇ ਆਪ ਨੂੰ ਛਲਾਇ ਲਿਆ। ਜੋ ਕਿਸੇ ਦੇ ਛਲ ਵਿਚ, ਕਿਸੇ ਦੇ ਵਸ ਵਿਚ ਨਹੀਂ ਆਉਂਦਾ ਸੀ, ਆਪ ਗੁਰੂ ਜੋਤਿ ਹੋਇ ਕੇ ਗੁਰੂ ਨਾਨਕ ਨਿਰੰਕਾਰੀ ਦੇ ਵਸਗਤਿ ਹੋਇ ਆਪਣੀ ਅਛਲ ਅਕਲ ਕਲਾ ਨੂੰ ਛਲਾਇ ਲਿਆ। ਗੁਰੂ ਨਾਨਕ ਨਿਰੰਕਾਰੀ ਨੇ ਇਹ ਅਛਲ ਛਲਾਈ ਨਿਰੰਕਾਰ ਰੂਪ ਧਾਰ ਕੇ, ਵਰਨ-ਆਸ਼ਰਮਾਂ ਦਾ ਭੇਦ ਮਿਟਾਇ ਕੇ, ਚਾਰੇ ਵਰਨ ਆਸ਼ਰਮ ਸਾਰੇ ਮਜ਼ਹਬ ਮਤਾਂ ਨੂੰ ਆਪਣਾ ਛਲਣਹਾਰਾ ਜਲਵਾ ਰੂਪ ਦਿਖਾਇ ਕੇ ਐਸਾ ਮੋਹਤ-ਕਰਕੇ ਛਲ ਲਿਆ ਕਿ ਸਾਰੇ ਆਦਿ ਪੁਰਖ ਦੀ ਆਦੇਸ-ਨਿਵੇਦਨੀ-ਭਗਤੀ ਵਿਚ ਹੀ ਲਗ ਗਏ। ਦੂਜੇ ਭਾਵ ਦੀਆਂ ਉਪਾਸ਼ਨਾਂ ਛਡ ਕੇ ਕੇਵਲ ਇਕ ਅਕਾਲ ਪੁਰਖ ਦੀ ਅਰਾਧਨਾ ਵਿਚ ਹੀ ਲਗ ਗਏ। ਅਕਾਲ ਪੁਰਖ ਦਾ ਨਿਰੰਕਾਰੀ ਰੂਪ ਉਹਨਾਂ ਨੂੰ ਇਸੇ ਮਾਤ ਲੋਕ ਵਿਖੇ ਹੀ ਅਛਲ ਛਲੀ ਜਲਵੇ ਵਿਚ ਜਲਵਾਗਰ ਹੋ ਗਿਆ। ਸਤਿਗੁਰੂ ਦਾ ਨਿਰੰਕਾਰੀ, ਸਤਿਗੁਰੂ ਦਾ ਨਿਰੰਕਾਰੀ ਆਕਾਰੀ, ਸਤਿਗੁਰੂ ਦਾ ਜੋਤਿ ਸਰੂਪੀ ਦਰਸ਼ਨ ਸਾਰਿਆਂ ਦਾ ਹੀ ਧਿਆਨ ਮੂਲ ਬਣ ਗਿਆ। ਖਟ ਦਰਸ਼ਨੀ ਮਤਾਂ ਦੇ ਉਪਾਸ਼ਕ, ਆਨ ਦੇਵੀ ਦੇਵਤਿਆਂ ਦੇ ਅਰਾਧਕ, ਸਾਰੇ ਉਸ ਧਿਆਨ ਮੂਲ ਦਰਸ਼ਨ ਵਲ ਹੀ ਉਲਟ ਪਏ ਅਤੇ ਏਸੇ ਗੁਰੂ-ਨਿਰੰਕਾਰੀ ਦਰਸ਼ਨ ਵਿਚ ਸਮਾ ਗਏ। ਭਾਵ ਇਹ ਕਿ "ਕਲਿਜੁਗੁ ਉਧਾਰਿਆ ਗੁਰਦੇਵ"* ਦੇ

* ਆਸਾ ਮ: ੫, ਪੰਨਾ ੪੦੬


www.sikhbookclub.com

ਵਾਕ ਅਨੁਸਾਰ ਸਭ ਦਾ ਨਿਸਤਾਰਾ ਗੁਰੂ ਘਰ ਵਿਚ ਹੀ ਆ ਕੇ ਹੋਇਆ, ਹੋ ਰਿਹਾ ਹੈ ਤੇ ਹੋਵੇਗਾ। ਵਾਧਾ ਇਹ ਕਿ ਗੁਰੂ ਨਾਨਕ ਨਿਰੰਕਾਰੀ ਦੇ ਗੁਰੂ ਜੋਤਿ ਜਾਮੇ ਨਿਰਾ ਨਿਰੰਕਾਰ ਦਾ ਸਰੂਪ ਹੀ ਸਨ। ਆਪ ਨਿਰੰਕਾਰੀ ਹੀ ਸਨ। ਪਰ ਆਪਣੇ ਆਪ ਨੂੰ ਉਹਨਾਂ ਨਿਰੰਕਾਰ ਕਰਕੇ ਨਹੀਂ ਜਣਾਇਆ। ਪੂਰੇ ਸਤਿਗੁਰ ਦੀ ਇਹੋ ਨਿਸ਼ਾਨੀ ਹੈ। ਪੂਰਾ ਸਤਿਗੁਰੂ ਗੁਰੂ ਨਾਨਕ ਸਚਾ ਪਾਤਸ਼ਾਹ ਹੀ ਹੋਇਆ ਹੈ। ਆਪਣੇ ਗੁਰ ਸਰੂਪ ਦਸੇ ਜੋਤਿ ਜਾਮਿਆਂ ਸੰਯੁਕਤ ਇਸ ਪੂਰੇ ਸਤਿਗੁਰੂ ਨੇ ਪੂਰਾ ਠਾਠ ਠਟਿਆ (ਹੋਰ ਕੋਈ ਊਰਾ ਗੁਰੂ ਇਹ ਠਾਠ ਨਹੀਂ ਠਟ ਸਕਦਾ ਸੀ)। ਨਿਰੰਕਾਰ ਆਕਾਰ ਧਾਰ ਕੇ ਭਗਤ ਵਛਲ ਹੋਇ ਅਵਤਰਨ ਦਾ ਪੂਰੇ ਸਤਿਗੁਰ ਨੇ ਪੂਰਾ ਠਾਠ ਕਿਵੇਂ ਠਟਿਆ (ਥਾਟ ਕਿਵੇਂ ਥਟਿਆ)? ਇਉਂ ਕਿ ਪੂਰੇ ਸਤਿਗੁਰੂ ਨੇ ਪੂਰੀ ਕਲਾ ਧਾਰ ਕੇ ਧੁਰੋਂ, ਧੁਰ-ਦਰੋਂ ਪਾਈ ਬਖ਼ਸ਼ (ਬਖ਼ਸ਼ਸ਼) ਕਰਕੇ ਪੂਰਾ ਸਤਿਸੰਗ-ਮੰਡਲ ਰਚਾਇਆ। ਇਸ ਧਰਤੀ ਤੇ ਆ ਕੇ ਐਨ ਸਚਖੰਡੀ ਸਤਿਸੰਗ-ਮੰਡਲ ਦਾ ਪਰੋਟੋਟਾਈਪ (ਅਸਲ ਨਮੂਨਾ) ਧੁਰੋਂ ਧਾਰਿਆ। ਪਰਾਪੂਰਬਲਾ ਗੁਰ ਮੰਤਰ (ਵਾਹਿਗੁਰੂ) ਬਖ਼ਸ਼ਸ਼ ਵਾਲਾ ਗੁਰ ਮੰਤਰ, ਪੂਰਾ ਗੁਰ ਮੰਤਰ ਐਨ ਉਸੇ ਤਰ੍ਹਾਂ ਪਾਰਸ ਕਲਾ ਵਿਚ ਅਧਿਕਾਰੀ ਜਗਿਆਸੂਆਂ ਨੂੰ ਦੇ ਕੇ ਦ੍ਰਿੜ੍ਹਾਇਆ, ਜਿਸ ਪ੍ਰਕਾਰ ਕਿ ਵਾਹਿਗੁਰੂ ਨੇ ਆਪਣਾ ਸ੍ਵੈ-ਨਾਮ ਆਪੀਨੈ ਆਪਿ ਉਪਾਇਆ ਨਾਮ, ਖਾਸ ਆਪ ਸਿਰੀ ਗੁਰੂ ਨਾਨਕ ਨਿਰੰਕਾਰੀ ਨੂੰ ਦ੍ਰਿੜਾਇਆ ਸੀ। ਅੰਮ੍ਰਿਤ ਨਾਮ ਪਰਵੇਸ਼ੀ ਪਾਰਸ-ਸ਼ਕਤਿ ਸੰਪੰਨੇ ਪੂਰੇ ਪਿਰਮ ਰਸ, ਪਾਰਸ ਰੂਪੀ ਅੰਮ੍ਰਿਤ ਨਾਮ ਨੂੰ ਅਧਿਕਾਰੀ ਜਨਾਂ ਦੇ ਅੰਤਰਿ ਆਤਮੇ ਪਰਵੇਸ਼ ਕਰਕੇ, ਪੂਰੇ ਸਤਿਗੁਰੂ ਨੇ ਅੰਮ੍ਰਿਤ ਕਲਾ ਸੰਪੰਨ ਪੂਰੇ ਅੰਮ੍ਰਿਤਧਾਰੀ ਪੰਚ ਪਰਵਾਨ ਪੰਚ ਪਰਧਾਨ ਗੁਰਮੁਖ ਜਨ ਉਤਪੰਨ ਕਰ ਦਿਤੇ। ਇਸ ਬਿਧ ਪਾਰਸ ਸ਼ਕਤੀਸ਼ਰੀ ਅੰਮ੍ਰਿਤ ਅਕਲ-ਕਲਾ ਸੰਪੰਨ ਅੰਮ੍ਰਿਤ ਨਾਮ ਦੇ ਰਸੀਆਂ ਗੁਰਮੁਖ ਜਨਾਂ ਦਾ ਪੂਰਾ ਗੁਰਮੁਖ ਪੰਥ ਚਲਾ ਦਿਤਾ। ਇਸ ਪੰਚ ਪਰਵਾਨੀ ਪੰਚ ਪਰਧਾਨੀ ਗੁਰਮੁਖਾਂ, ਪੂਰੇ-ਗੁਰ ਪੰਥ ਪਿਆਰਿਆਂ ਗੁਰਮੁਖਾਂ ਦੇ ਪੁੰਜ ਅੰਦਰ, ਇਸ ਨਿਰੰਕਾਰੀ ਪੰਥ ਦੇ ਪੁੰਜ ਗੁਰਮੁਖੀ ਜੋਤਿ-ਦਰਸ਼ਨ ਅੰਦਰ ਆਪਣੇ ਨਿਜ ਸਰੂਪ ਦਾ (ਗੁਰੂ ਸਰੂਪ ਦਾ) ਅਤੇ ਨਿਰੰਕਾਰ ਕਰਤਾਰ ਦੇ ਪਰਮਾਤਮ ਸਰੂਪ ਦਾ ਪੂਰਾ ਦਰਸਨ ਪ੍ਰਤਿਬਿੰਬਤ ਕਰਕੇ ਰਖ ਦਿਤਾ। ਪੂਰੇ ਸਤਿਗੁਰੂ ਨੇ ਪੂਰੇ ਸ਼ਬਦ ਗੁਰਮੰਤਰ ਦਾ ਚਕਰ ਚਲਾਇਆ ਅਤੇ ਸਾਧ ਸੰਗਤ ਵਿਚ ਪੂਰੇ ਸਤਿਗੁਰੂ ਨੇ ਪੂਰਾ ਬਹਿਣ ਬੈਠਣਾ ਕਰਿ ਪੂਰਾ ਤਖਤ ਰਚਾ ਦਿਤਾ। ਜਿਸ ਪਰਕਾਰ ਕਿ ਨਿਰੰਕਾਰ ਅਕਾਲ ਪੁਰਖ ਸਚਖੰਡ ਵਿਖੇ "ਸਚੈ ਤਖਤਿ ਸਚ ਮਹਲੀ"* ਬੈਸਿਆ

* [illegible] ਮ: ੧. ਪੰਨਾ ੯੦੭


www.sikhbookclub.com

ਬਿਰਾਜਮਾਨ ਹੈ, ਤਿਸੇ ਪਰਕਾਰ ਨਿਰੰਕਾਰ ਦਾ ਰੂਪ ਧਾਰ ਕੇ ਨਿਰੰਕਾਰ ਰੂਪ ਜੋਤਿ-ਆਕਾਰੀ-ਗੁਰੂ ਨੇ ਸਾਧ ਸੰਗਤ ਰੂਪੀ ਸਚਖੰਡ ਵਿਖੇ ਬੈਠ ਕੇ ਸਚੇ ਤਖਤ ਉਤੇ ਬਹਿਣਾ (ਬੈਠਣਾ) ਕੀਤਾ। ਸਚਮੁਚ ਇਸ ਧਰਤੀ ਉਤੇ ਭੀ "ਸਾਧਸੰਗਤਿ ਸਚਖੰਡੁ ਹੈ ਭਗਤਿ ਵਛਲ ਹੁਇ ਵਸਗਤਿ ਆਇਆ" ਵਾਲਾ ਭਾਈ ਗੁਰਦਾਸ ਜੀ ਦਾ ਵਾਕ ਸਾਂਗੋ ਪਾਂਗ ਘਟਣ ਘਟਾਉ ਰਖਦਾ ਹੈ। ਨਿਰੰਕਾਰੀ ਗੁਰੂ ਬਾਬਾ ਸ੍ਹਾਹਿਬ ਸਤਿਗੁਰੂ ਨਾਨਕ ਗੁਰੂ ਕਰਤਾਰ ਨਿਰੰਕਾਰ ਦਾ ਰੂਪ ਵਟਾ ਕੇ ਹੀ ਏਸ ਅਸਾਡੀ ਧਰਤੀ ਉਤੇ ਪਰਗਟ ਹੋਇਆ ਅਤੇ ਸਾਧ ਸੰਗਤ ਵਿਖੇ ਆਣ ਪਰਗਟ ਜੋਤਿ ਸਰੂਪੀ ਰੂਪ ਨੂੰ ਜਲਵਾਗਰ ਕਰ ਦਿਖਾਇਆ ਕਿ ਸਾਧ ਸੰਗਤ ਨੂੰ ਸਚਖੰਡ ਹੀ ਬਣਾ ਦਿਤਾ। ਇਉਂ ਗੁਰ ਬਾਬਾ ਨਿਰੰਕਾਰੀ ਭਗਤ ਵਛਲ ਹੋਇ ਕੇ ਭਗਤਾਂ, ਗੁਰਮੁਖ ਗੁਰਸਿਖਾਂ ਦੇ ਵਸਗਤਿ ਆਇਆ, ਜਿਵੇਂ ਕਿ ਆਪ ਨਿਰੰਕਾਰ ਅਕਾਲ ਪੁਰਖ ਸਤਿਗੁਰ ਗੁਰ ਨਾਨਕ ਜੀ ਦੇ ਵਸਗਤਿ ਹੋਇ ਗਿਆ ਸੀ। ਗੁਰੂ ਸਤਿਗੁਰੂ ਨੇ ਸਤਿਨਾਮ ਗੁਰਮੰਤਰ ਦੀ ਕਲਾ ਕ੍ਰਿਸ਼ਮੀ ਕਮਾਈ ਕਰਕੇ ਹੀ ਗੁਰਸਿਖਾਂ ਨੂੰ ਅਕਾਲ ਪੁਰਖ ਵਾਹਿਗੁਰੂ ਦੇ ਸਚੇ ਸਰੂਪ ਦਾ ਦਰਸਨ ਕਰਾਇ ਦਿਤਾ ਅਤੇ ਇਸ ਬਿਧ ਤੱਤ ਦਰਸੀ ਅਰਥਾਂ ਵਿਚ ਸਚਾ ਗਿਆਨ ਗੁਰਸਿਖਾਂ ਪ੍ਰਤੀ ਸਮਝਾਇ ਦਿਤਾ (realize ਕਰਾ ਦਿਤਾ) ਅਤੇ "ਸਬਦੁ ਗੁਰੂ ਸੁਰਤਿ ਧੁਨਿ ਚੇਲਾ"* ਵਾਲਾ ਸਚਾ ਪਰਚਾ ਲਾ ਦਿਤਾ ਤੇ ਦੀਵੇ ਨਾਲ ਦੀਵਾ ਜਗਾ ਦਿਤਾ। ਏਸ ਭਾਵ ਦਾ ਹੀ ਭਾਈ ਗੁਰਦਾਸ ਜੀ ਦਾ ਅਗਲਾ ਵਾਕ ਹੈ:

ਸਤਿਗੁਰੁ ਸਚਾ ਪਾਤਸਾਹੁ ਸਾਧਸੰਗਤਿ ਸਚਖੰਡੁ ਵਸਾਇਆ॥
ਗੁਰਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ॥
ਗੁਰਸਿਖ ਸਭੇ ਸਾਧਨਾ ਸਾਧਿ ਸਧਾਇ ਸਾਧੁ ਸਦਵਾਇਆ॥
ਚਹੁੰ ਵਰਣਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ॥
ਸਚਹੁ ਓਰੈ ਸਭ ਕਿਹੁ ਸਚੁ ਨਾਉ ਗੁਰਮੰਤੁ ਦਿੜਾਇਆ॥
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ॥
ਸਬਦ ਸੁਰਤਿ ਲਿਵ ਅਲਖੁ ਲਖਾਇਆ॥ ੧॥ [ਵਾਰ ਸੱਤਵੀਂ

ਇਸ ਵਾਕ ਵਿਚ ਇਹ ਗੱਲ ਨਿਖਰ ਕੇ ਸਪਸ਼ਟ ਹੋ ਗਈ ਕਿ ਨਿਰੰਕਾਰੋਂ ਆਕਾਰ ਧਾਰ ਕੇ ਨਿਰੰਕਾਰ ਰੂਪ ਵਿਅਕਤੀ ਜੋ ਇਸ ਸੰਸਾਰ ਵਿਚ ਆਈ, ਸਤਿਗੁਰ ਸਚੇ ਪਾਤਸ਼ਾਹ ਦੀ ਹੀ ਅਲੌਕਿਕ ਹਸਤੀ ਸੀ। ਸਤਿਗੁਰ ਸੱਚੇ ਪਾਤਸ਼ਾਹ ਨੇ ਨਿਰੰਕਾਰੋਂ ਆਕਾਰ ਕਰਿ ਆਪਣੀ ਜਗ-ਜੀਵਨ ਜੋਤਿ ਜਗਾਇ ਕੇ ਇਸ ਮਾਤ-ਲੋਕ ਵਿਖੇ ਹੀ ਸਾਧ ਸੰਗਤ ਰੂਪੀ ਸੱਚਖੰਡ, ਦੈਵ ਲੋਕੀ ਸੱਚਖੰਡ ਸਦਰਸ਼ ਵਸਾਇ ਦਿਤਾ। ਇਸ ਗੁਰੂ-ਵਸਾਈ ਸਚਖੰਡ ਰੂਪੀ ਸਾਧਸੰਗ ਮਈ

---

* ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੩

 www.sikhbookclub.com

ਸਚੀ ਟਕਸਾਲ ਵਿਚ ਗੁਰ-ਦੀਖਿਆ ਲੈ ਲੈ ਕੇ ਅਨੇਕ ਜੋਤਿ-ਦੀਪ ਜਗਨੰਤਰੀ ਗੁਰਮੁਖ ਉਤਪੰਨ ਹੋਏ ! ਐਸੇ ਗੁਰਸਿਖ ਪੈਦਾ ਹੋਏ ਜਿਨ੍ਹਾਂ ਨੇ ਸਮੁੰਦ ਰੂਪ ਸਤਿਗੁਰੂ ਦੇ ਸਰੂਪ ਵਿਚ ਨਦੀ-ਤਰੰਗ ਨਿਆਈਂ ਆਪਣੇ ਆਪ ਨੂੰ ਲੀਨ ਕਰ ਦਿਤਾ। ਇਸ ਬਿਧ ਆਪਣਾ ਆਪ ਗਵਾ ਕੇ ਫੇਰ ਆਪਾ ਨਹੀਂ ਜਣਾਇਆ, ਐਸੇ ਅਲਖ ਨੂੰ ਲਖ ਕੇ ਅਜਰ ਨੂੰ ਜਰਨ ਵਾਲੀ ਸਮਾਈ ਹੋਵੇ ਤਾਂ ਐਸੀ ਹੀ ਹੋਵੇ ਜੈਸੀ ਕਿ ਸਤਿਗੁਰੂ ਦੇ ਅਨਿੰਨ ਕਮਾਈ ਵਾਲੇ ਅਭਿਆਸੀ, ਪੰਚ ਗੁਰਸਿਖਾਂ ਵਿਚ ਹੈ। ਇਸ ਸਚਖੰਡੀ ਸਾਧ ਸੰਗਤ ਰੂਪੀ ਸੱਚ ਟਕਸਾਲ ਤੋਂ ਉਪਜੇ ਐਸੇ ਗੁਰਸਿਖ ਪੈਦਾ ਹੋਏ, ਹੁੰਦੇ ਹਨ ਅਤੇ ਹੋਣਗੇ ਜਿਨ੍ਹਾਂ ਨੇ ਆਪਣੇ ਮਨ ਨੂੰ ਐਸਾ ਸਾਧਿਆ ਹੈ ਕਿ ਓਹਨਾਂ ਅਗੇ ਸਭੈ ਸਾਧਨਾਂ ਪਾਣੀ ਭਰਦੀਆਂ ਹਨ। ਇਸ ਬਿਧਿ ਹੀ ਗੁਰਮਤਿ ਸਾਧਨਾਂ ਸਾਧ ਕੇ ਉਹ ਸਚਮੁਚ ਦੇ ਗੁਰਮਤਿ ਪ੍ਰਵਾਨੀਕ ਮੰਨੇ-ਦੰਨੇ ਸਾਧ ਸਦਵਾਏ, ਪਰ ਉਹਨਾਂ ਨੇ ਹੰਗਤਾ ਵਿਚ ਆ ਕੇ ਆਪਣੇ ਆਪ ਨੂੰ ਮਨ ਬਚ ਕਰਮ ਕਰਕੇ ਕਦੇ ਸਾਧ ਨਹੀਂ ਮੰਨਿਆ, ਨਾ ਉਹਨਾਂ ਨੂੰ ਸਾਧ ਸਦਵਾਉਣ ਦਾ ਹੋਛਾ ਤੇ ਫੋਕਾ ਚਸਕਾ ਹੀ ਲਗਿਆ। ਸਚੇ ਗੁਰਮੁਖ ਸਿਖ ਸਾਧਾਂ ਦਾ ਸਾਖਸ਼ਾਤ ਅਸਲੀ ਜੀਵਨ-ਮੁਨਾਰਾ ਹੀ ਚਹੁੰ ਵਰਨਾਂ ਨੂੰ ਉਪਦੇਸ਼ ਦੇਣਹਾਰਾ ਹੈ। ਸੱਚੇ ਗੁਰਸਿਖ ਸਾਧਾਂ ਦਾ ਗੁਰਮਤਿ ਸਾਧਨਾ ਸਾਧਿਆ ਜੀਵਨ ਹੀ ਚੰਦਨ ਰੂਪੀ ਹੈ, ਜਿਸ ਤੋਂ ਆਪੇ ਆਪ ਸੁਗੰਧਤ ਹੋ ਕੇ ਸਗਲ ਵਰਨ-ਆਸ਼ਰਮੀ ਲੋਗ ਚੰਦਨ ਦੀ ਨਿਆਈਂ ਹੋਇ ਰਹਿੰਦੇ ਹਨ। ਗੁਰਮੁਖ ਸਿਖ ਸੰਤ ਭਗਤ ਜਨ ਗ੍ਰਿਹਸਥ ਅੰਦਰ ਰਹਿ ਕੇ ਅਤੇ ਜੀਅ-ਕਣੀ ਮੁਸ਼ਕਾਤੇ, ਜੀਅਦਾਨ ਦਾਤੇ, ਕਮਾਈਆਂ ਵਾਲੇ ਜਾਗਦੇ ਜੋਗੀਰਾਜ ਜੋਗੀ ਹੋਇ ਕੇ ਫਿਰ ਮਾਇਆ ਅੰਦਰ ਜਲ ਕਮਲ ਵਤ ਅਲੇਪ ਰਹਿੰਦੇ ਹਨ। ਦੁਨੀਆਂ ਸੱਚ ਲਭਣ ਵਿਚ ਖ਼ਫਾਖ਼ੂਨ ਹੋਈ (ਬੌਂਦਲੀ) ਫਿਰਦੀ ਹੈ, ਫਿਰ ਭੀ ਕਿਸੇ ਸੱਚ-ਮੁਤਲਾਸ਼ੀ ਨੂੰ ਸੱਚ ਨਹੀਂ ਲਭਦਾ, ਪਰ ਇਹ ਸੱਚ ਸਚੜਾ ਸਚਿ ਪਦਾਰਥ ਨਾਮ, ਸਾਧ ਸੰਗ ਰੂਪੀ, ਸਚਖੰਡ ਰੂਪੀ ਸੱਚੀ ਗੁਰਟਕਸਾਲ ਵਿਚੋਂ ਮਿਲਦਾ ਹੈ। ਸਤਿਗੁਰ ਸੱਚਾ ਪਾਤਸ਼ਾਹ ਇਸ ਸਚਖੰਡ ਸੰਧ ਸੰਗ ਦਾ ਮਾਲਕ ਹੀ ਆਪਣੀ ਸਚਖੰਡੀ ਸਚੜੇ ਖ਼ਜ਼ੀਨੇ ਵਿਚੋਂ ਸਾਧ ਸੰਗ ਮਈ ਸਚੀ ਟਕਸਾਲ ਵਿਚ ਗੁਰਮੰਤਰ ਗੁਰਮਤਿ ਨਾਮ-ਰੂਪ ਸੱਚ ਪਦਾਰਥ, ਗੁਰਸਿਖਾਂ ਪ੍ਰਤੀ ਬਖ਼ਸ਼ ਕੇ ਦ੍ਰਿੜ੍ਹਾਇ ਦਿੰਦਾ ਹੈ। ਤਾਂ ਤੇ ਗੁਰਸਿਖਾਂ ਨੂੰ ਹੀ ਇਸ ਸੱਚੀ ਗੁਰ ਦਰਗਾਹੇ ਸਚੁ ਪਦਾਰਥ ਮਿਲਦਾ ਹੈ। ਇਸ ਗੁਰਮੰਤਰ ਨਾਮ ਰੂਪੀ ਸੱਚ ਤੋਂ ਹੋਤ ਹੋਰ ਮਾਰੇ ਸੱਚ ਉਰੇਡੇ ਪਰੇਡੇ ਹੀ ਹਨ। ਐਵੇਂ ਦੁਨੀਆ ਪਈ ਸੱਚ ਸੱਚ ਕੂਕਦੀ ਫ਼ਿਰਦੀ ਹੈ, ਪਰ ਨਾ ਹੀ ਕੋਈ ਸੱਚ ਦਾ ਸੱਚਾ ਮੁਤਲਾਸ਼ੀ ਹੈ ਤੇ ਨਾ ਇਹ ਸੱਚ ਕਿਸੇ ਨੂੰ ਲੱਭਾ ਹੈ। ਸਭ ਸੱਚ ਤੋਂ ਉਰੇ ਉਰੇ ਹੀ ਰਹਿ ਜਾਂਦੇ ਹਨ। ਜੋ ਸਤਿਗੁਰ ਦੇ ਭਾਣੇ ਅੰਦਰ ਨਹੀਂ

ਆਉਂਦੇ, ਜੋ ਸਤਿਗੁਰ ਦੇ ਸੱਚੇ ਹੁਕਮ ਰਜਾਈ ਸਿਖ ਨਹੀਂ ਬਣਦੇ, ਉਹਨਾਂ ਨੂੰ ਸਚੁ ਨਹੀਂ ਮਿਲਦਾ। ਉਂਜ ਤਾਂ ਹੁਕਮੈ ਅੰਦਰਿ ਸਭ ਕੋਈ ਚਲਣ ਦੀਆਂ ਜ਼ਿਹਨੀਅਤਾਂ ਰਖਦਾ ਹੈ, ਪਰ ਜੋ ਸਤਿਗੁਰੂ ਦਾ ਹੁਕਮ ਮੰਨਦਾ ਹੈ, ਸੋਈ ਸੱਚ ਨੂੰ ਪ੍ਰਾਪਤ ਕਰਦਾ ਅਤੇ ਸੱਚ ਪਦਾਰਥ ਨਾਮ ਨੂੰ ਪ੍ਰਾਪਤ ਕਰਕੇ ਸੱਚ ਵਿਚ ਹੀ ਸਮਾਇ ਜਾਂਦਾ ਹੈ। ਐਸੇ ਸੱਚ-ਪ੍ਰਾਪਤੀ ਵਾਲੇ ਸਿੱਖਾਂ ਨੇ ਸ਼ਬਦ ਸੁਰਤਿ ਲਿਵ ਜੋੜ ਕੇ ਅਲਖ ਨੂੰ ਲਖ ਲਿਆ ਹੈ।

ਭਾਈ ਗੁਰਦਾਸ ਜੀ ਨੇ ਇਸ ਬਿਧ ਉਪਰ ਲਿਖੇ ਭਾਵ ਨੂੰ ਇਸ ਪਉੜੀ ਵਿਖੇ ਨਿਰਣੇ ਕੀਤਾ ਹੈ :

ਨਾਰਾਇਣ ਨਿਜ ਰੂਪੁ ਧਰਿ ਨਾਥਾ ਨਾਥ ਸਨਾਥ ਕਰਾਇਆ ॥
ਨਰਪਤਿ ਨਰਹ ਨਰਿੰਦੁ ਹੋ ਨਿਰੰਕਾਰਿ ਆਕਾਰੁ ਬਣਾਇਆ ॥
ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ ਬਿਰਦੁ ਬਿਰਦਾਇਆ ॥
ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖ ਲਖਾਇਆ ॥
ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ ॥
ਧਰਮਸਾਲ ਕਰਤਾਰਪੁਰ ਸਾਧ ਸੰਗਤਿ **ਸਚਖੰਡ** ਵਸਾਇਆ ॥
ਵਾਹਿਗੁਰੂ ਗੁਰ ਸਬਦੁ ਸੁਣਾਇਆ ॥੧॥

[ਵਾਰ ੨੪

ਨਾਰਾਇਣ ਨਿਰੰਕਾਰ ਨੇ ਨਿਜ ਰੂਪ ਗੁਰੂ ਨਾਨਕ ਸਾਹਿਬ ਦੇ ਵਜੂਦ ਵਿਚ ਧਰ ਕੇ, ਗੁਰੂ ਸਾਹਿਬ ਨੂੰ ਨਾਥਾਂ ਨਾਥ, ਸੱਚਾ ਨਾਥ ਆਪਿ ਥਾਪ ਦਿਤਾ। ਇਹ ਗੁਰੂ ਨਾਨਕ ਸਾਹਿਬ ਮਾਨੁਖ ਰੂਪ ਨਿਰਾ ਨਰ ਨਹੀਂ, ਨਰਾਂ ਦਾ ਪਤੀ ਨਰਾਂ ਦਾ ਪਾਤਸ਼ਾਹ ਹੈ, ਨਰ ਤੇ ਹਰੀ ਦਾ ਸਾਂਝਾ ਸਰੂਪ ਹੈ, ਨਿਰੰਕਾਰ ਆਪ ਆਪਣਾ ਆਕਾਰ ਬਣਾ ਕੇ ਗੁਰੂ ਨਾਨਕ ਦੇ ਜਾਮੇ ਵਿਚ ਆਣ ਉਤਰਿਆ ਹੈ। ਕਾਰਨ ਕਰਨ ਸਮਰੱਥ ਕਰਤਾ ਪੁਰਖ ਨੇ ਇਹ ਅਨੂਠਾ ਬਿਰਦ ਬਿਰਦਾਇਆ ਹੈ। ਜਿਸ ਦੇਵਾਧ ਦੇਵ ਅਲਖ ਅਭੇਵ ਕਰਤੇ ਪੁਰਖ ਨੇ ਦੇਵੀ ਦੇਵਤਿਆਂ ਤਾਈਂ ਆਪਣੇ ਅਲਖ ਸਰੂਪ ਨੂੰ ਭੀ ਨਹੀਂ ਲਖਾਇਆ, ਅਰਥਾਤ ਇਸ ਅਲਖ ਅਭੇਵ ਸਰੂਪ ਨੂੰ ਦੇਵੀ ਦੇਵਤੇ ਪੈਗੰਬਰ ਆਦਿ ਨਹੀਂ ਲਖ ਸਕੇ, ਉਸ ਅਲਖ ਸਰੂਪ ਨੂੰ ਗੁਰੂ ਨਾਨਕ ਦੇਵ ਨੇ ਸਤਿਨਾਮ ਗੁਰ ਮੰਤਰ ਜਪਾ ਕੇ, ਸਤਿ ਰੂਪ ਵਿਚ ਪ੍ਰਤੱਖ ਲਖਾ ਦਿਤਾ ਅਤੇ ਇਸ ਸਤਿ ਰੂਪ ਲਖਾਉਣਹਾਰੇ ਸਤਿਨਾਮ ਨੂੰ ਜਪਾਉਣ ਲਈ ਸਤਿਗੁਰ ਨਾਨਕ ਸਾਹਿਬ ਨੇ ਸਿਰੀ ਕਰਤਾਰਪੁਰ ਸਾਹਿਬ ਵਿਖੇ ਧਰਮਸਾਲਾ ਬਣਾ ਕੇ ਸਾਧ ਸੰਗਤਿ ਸਚਖੰਡ ਦਾ ਧੁਰਵਾ ਬੰਨ੍ਹ ਦਿਤਾ ਅਤੇ ਨਿਰੰਕਾਰੀ ਸਚਖੰਡ ਤੋਂ ਧੁਰੋਂ ਆਂਦੇ ਗੁਰ-ਸ਼ਬਦ ਸਤਿਨਾਮ ਗੁਰਮਤਿ ਨਾਮ ਵਾਹਿਗੁਰੂ ਗੁਰਮੰਤ੍ਰ ਦੀ ਗੁਰ-ਦੀਖਿਆ ਦੇ ਕੇ ਇਸ ਕਰਤਾਰਪੁਰੀ ਸਚੀ

ਧਰਮਸਾਲ ਵਿਖੇ ਦਿਨ ਰਾਤ ਵਾਹਿਗੁਰੂ ਨਾਮ ਦਾ ਖੰਡਾ ਖੜਕਵਾਇ ਕੇ, ਸਚਮੁਚ ਕਰਤਾਰਪੁਰ ਨੂੰ ਸਿਰੀ ਕਰਤਾਰ ਕਰਤੇ ਪੁਰਖ ਦੀ ਪੁਰੀ, ਅਰਥਾਤ ਸਚਖੰਡ ਹੀ ਬਣਾ ਦਿਤਾ। ਇਸ ਪ੍ਰਕਾਰ ਦੀ ਸਾਧ ਸੰਗਤ, ਜੈਸੀ ਕਿ ਗੁਰੂ ਨਾਨਕ ਨਿਰੰਕਾਰੀ ਨੇ ਸਿਰੀ ਕਰਤਾਰਪੁਰ ਵਿਖੇ ਰਚੀ, ਸਦਾ ਹੀ ਸਚਖੰਡ ਸਰੂਪ ਹੈ, ਭਾਵੇਂ ਕਿਤੇ ਭੀ ਹੈ। ਇਹ ਗੁਰ ਨਾਨਕ ਨਿਰੰਕਾਰੀ ਨੂੰ ਹੀ ਸਮਰੱਥਾ ਹੈ ਕਿ ਇਹ ਮਾਤ-ਲੋਕੀ ਧਰਤੀ ਉਤੇ ਸਚਖੰਡ ਲਿਆ ਉਤਾਰੇ, ਹੋਰ ਕਿਸੇ ਨੂੰ ਨਹੀਂ। ਪਰ ਏਹਨਾਂ ਉਪਰ ਦਿਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਵਾਕ ਪ੍ਰਮਾਣਾਂ ਤੋਂ ਇਹ ਸਿੱਟਾ ਕਢ ਲੈਣਾ ਕਦੇ ਭੀ ਉਚਿਤ ਨਹੀਂ ਕਿ ਸਚਖੰਡ ਏਥੇ ਇਸ ਧਰਤੀ ਵਿਖੇ ਹੀ ਹੈ ਅਤੇ ਸਾਧ ਸੰਗਤਿ ਹੀ ਸਚਖੰਡ ਹੈ, ਹੋਰ ਸਚਖੰਡ ਅਰਸ਼ਾਂ ਕੁਰਸਾਂ ਉਤੇ ਕੋਈ ਨਹੀਂ। ਭਾਈ ਗੁਰਦਾਸ ਜੀ ਦਾ ਇਹ ਵਾਕ ਕਿ :

"ਬਾਬਾ ਪੈਧਾ ਸਚਖੰਡ ਨਉ ਨਿਧਿ ਨਾਮ ਗਰੀਬੀ ਪਾਈ ॥"*

ਸਪਸ਼ਟ ਦਸਦਾ ਹੈ ਕਿ ਅਰਸ਼ਾਂ ਕੁਰਸਾਂ ਤੇ ਹੀ ਸੱਚਾ ਸਚਖੰਡ, ਨਿਰੰਕਾਰੀ ਸਚਖੰਡ ਹੈ, ਜਿਥੇ ਕੇਵਲ ਗੁਰ ਨਾਨਕ ਨਿਰੰਕਾਰੀ ਸੱਚੇ ਹਾਦੀ ਦੀ ਹੀ ਪਹੁੰਚ ਹੈ, ਜਿਥੋਂ ਗੁਰੂ ਨਾਨਕ ਨਿਰੰਕਾਰੀ ਨੇ ਨਉਨਿਧ ਨਾਮ ਦੀ ਦਾਤਿ ਇਲਾਹੀ ਪਾਈ ਅਤੇ ਇਸ "ਗੁਰਮੁਖ ਪਾਈ ਦਾਤਿ ਇਲਾਹੀ" ਨੂੰ ਨਵਖੰਡ ਪ੍ਰਿਥਵੀ ਵਿਖੇ ਸੰਚਰਾਇ ਕੇ ਨਾਮ ਅੰਮ੍ਰਿਤ ਸੰਚਰੀਵੀ ਗੁਰਮੁਖ ਜਨਾਂ ਨੂੰ ਭੀ ਸਚਖੰਡ ਵਿਖੇ ਪੁਜਾਇ ਕੇ ਸਦਾ ਲਈ ਅਮਰ ਅਟੱਲ ਕਰ ਦਿਤਾ। ਉਹ ਅਮਰ ਅਟੱਲ ਸਚਖੰਡ ਅਰਸ਼ੀ ਕੁਰਸੀ ਅਮਰ ਅਟਾਰੀਆਂ ਵਿਖੇ ਸਚਖੰਡ ਹੈ ਅਤੇ ਫਰਸ਼ੀ ਸਾਧ ਸੰਗ ਧਰਮਸਾਲੜੇ ਸਚਖੰਡ ਤੋਂ ਰਾਵੀ ਕਿਨਾਰੇ ਵਾਲੇ ਕਰਤਾਰਪੁਰੜੇ ਸਚਖੰਡ ਤੋਂ ਨਿਰਾਲਾ ਅਗਮ ਅਗਮਾਲਾ ਹੈ। ਸਿਰੀ ਗੁਰੂ ਨਾਨਕ ਨਿਰੰਕਾਰੀ ਦੇ ਸਿਰੀ ਕਰਤਾਰਪੁਰ ਵਿਖੇ ਜੋਤਿ ਜਗਾਉਣ ਕਰਕੇ, ਸਿਰੀ ਕਰਤਾਰਪੁਰ ਸਚਖੰਡ ਬਣਿਆ। ਗੁਰੂ ਨਾਨਕ ਸਾਹਿਬ ਨਿਰੰਕਾਰ ਕਰਤਾਰ ਰੂਪ ਹੋ ਕੇ ਤਿਸ ਸਚਖੰਡ ਵਿਖੇ ਬਿਰਾਜਮਾਨ ਰਹੇ ਅਤੇ ਗੁਰ ਨਾਨਕ ਦੇ ਨਿਕਟ ਦਰਜਾਈ ਸਿਖ ਸੰਤ ਜਨ ਨਿਰੰਕਾਰੀ ਸਚਖੰਡ ਵਾਸੀ ਸੰਤ ਭਗਤ ਜਨਾਂ ਸਦਰਸ਼ ਹੋਏ। "ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ"** ਵਾਲਾ ਵਾਕ ਏਸੇ ਪ੍ਰਥਾਇ ਹੀ ਉਚਰਣਤ ਹੋਇਆ ਅਰਥਾਤ ਗੁਰਸਿਖ ਸੰਤਾਂ ਦੇ ਪਾਸ ਕਰਤਾਰਪੁਰ ਵਿਖੇ ਨਿਰੰਕਾਰ ਰੂਪੀ ਕਰਤਾ ਗੁਰੂ ਨਾਨਕ ਸਾਹਿਬ ਵਸਿਆ, ਹੁਣ ਭੀ ਸਾਧ ਸੰਗਤ ਰੂਪੀ ਕਰਤਾਰਪੁਰੇ ਗੁਰ-ਅਸਥਾਨਾਂ, ਸਤਿਸੰਗ-ਮੰਡਲਾਂ ਵਿਖੇ ਕਰਤਾਪੁਰਖ ਪਰਤਖ

*ਵਾਰ ੧, ਪਉੜੀ ੨੪ **ਬਿਲਾਵਲੁ ਮ: ੫, ਪੰਨਾ ੮੧੬

ਵਸਦਾ ਹੈ । ਗੁਰ ਨਾਨਕ ਨਿਰੰਕਾਰੀ ਕਰਤਾਰ ਰੂਪ ਹੋ ਕੇ ਪਰਤਖ ਵਸਦਾ ਹੈ । ਜਿਨ੍ਹਾਂ ਗੁਰਮਤਿ ਨਾਮ ਦੀ ਅਤੁਟ ਅਭਿਆਸ ਸਿਮਰਨ ਕਮਾਈ ਕੀਤੀ ਹੈ, ਅਤੇ ਇਸ ਕਮਾਈ ਦਾ ਸਦਕਾ ਤਿਨ੍ਹਾਂ ਦੀ ਐਥੇ ਫ਼ਰਸ਼ੀ ਸਚਖੰਡ, ਸਾਧ-ਸੰਗਤ ਰੂਪੀ ਸਚਖੰਡ ਵਿਚ ਬੈਠਿਆਂ ਹੀ ਅਰਸ਼ੀ ਕੁਰਸੀ ਨਿਰੰਕਾਰੀ ਸਚਖੰਡ ਵਿਖੇ ਸਮਾਈ ਹੋਈ ਹੈ । ਵਾਹਿਗੁਰੂ ਦਰਸ਼ਨ ਆਦਰਸ਼ੀਆਂ, ਦਰਸ਼ਨ ਅਭਿਲਾਖੀਆਂ ਦੇ ਦਰਸ ਆਦਰਸ਼ੀ ਕਾਰਜ ਰਾਸ ਹੋਏ ਹਨ ਤਾਂ ਵਾਹਿਗੁਰੂ ਨਾਮ ਨੂੰ ਸਿਮਰ ਸਿਮਰ ਕੇ ਹੀ ਹੋਏ ਹਨ । ਤਿਨ੍ਹਾਂ ਨੂੰ ਪੂਰਨ ਪ੍ਰਭੂ ਦੀ ਦਰਸ-ਪ੍ਰਾਪਤੀ ਹੋਈ ਹੈ ਤਾਂ ਸਚਖੰਡ ਮੰਡਲ ਵਿਖੇ ਪਰਵੇਸ਼ ਕਰ ਕੇ ਹੀ ਹੋਈ ਹੈ । ਤਿਥੇ ਭੀ, ਅਰਥਾਤ,ਸਚਖੰਡ ਪੁਰੀ ਵਾਲੇ ਕਰਤਾਰਪੁਰ ਵਿਖੇ ਭੀ, ਤਿਨ੍ਹਾਂ ਦਰਸ-ਵਿਗਾਸੀ-ਗੁਰਮੁਖ ਜਨਾਂ ਨੂੰ ਕਰਤਾਪੁਰਖ ਕਰਤਾਰ ਨਿਰੰਕਾਰ ਆਪਣੇ ਸਚਖੰਡ ਦਰਬਾਰੀ ਕੌਤੂਹਲ ਕਰ ਰਹੇ ਭਗਤਾਂ ਸੰਤਾਂ ਸੰਯੁਕਤ ਹੀ ਪਰਤੱਖ ਦਰਸ ਝਲਕਾਰ ਝਲਕਰਤ ਹੋਇਆ ਹੈ । ਇਸ ਭੂਮੀ ਦੇ ਫ਼ਰਸ਼ ਨਿਵਾਸੀ ਗੁਰੂ ਵਰੋਸਾਏ ਭਗਤ ਜਨਾਂ ਦੀ ਵਾਹਿਗੁਰੂ-ਦਰਸ਼ਨ ਸਚਖੰਡ ਸੰਯੁਕਤੀ ਵਾਹਿਗੁਰੂ ਦਰਸ਼ਨ ਅਕਾਂਖੀ ਅਰਦਾਸ ਭੀ ਸਦਾ ਪੂਰੀ ਹੁੰਦੀ ਹੈ । ਸਤਿਗੁਰੂ ਨੇ ਸਦਾ ਉਹਨਾਂ ਦੀ ਅਰਦਾਸ ਨੂੰ ਸਫਲੀ ਕੀਤਾ ਹੈ, ਤਿਨ੍ਹਾਂ ਦੀ ਅਰਦਾਸ ਪੂਰੀ ਹੋਣ ਵਿਚ ਕੋਈ ਭੀ ਬਿਘਨ ਨਹੀਂ ਲਗਦਾ, ਕਿਉਂਕਿ ਭਗਤ ਜਨਾਂ ਦੀ ਭਗਤਿ ਕਮਾਈ ਵਾਲਾ ਰਾਸ-ਪੂੰਜੀ ਦਾ ਰਖਵਾਲਾ ਆਪ ਗੋਬਿੰਦ ਰਾਇ ਗੁਰੂ ਵਾਹਿਗੁਰੂ ਹੈ, ਤਿਨ੍ਹਾਂ ਨੂੰ ਕਦੇ ਭੀ ਤੋਟ ਨਹੀਂ ਆਉਂਦੀ, ਪੂਰਨ ਭੰਡਾਰ ਜੋ ਹੋਇਆ ।

ਪੂਰਨ ਭੰਡਾਰ ਵਾਲੀ ਦਾਤ ਦਾ ਅਸਚਰਜ ਕ੍ਰਿਸ਼ਮਾ ਇਹ ਹੈ ਕਿ ਅਗਮ ਅਪਾਰੀ ਵਾਹਿਗੁਰੂ ਦੇ ਜੋਤਿ ਕਿਰਨਾਰੀ ਚਰਨ ਕਮਲ ਐਥੇ ਬੈਠਿਆਂ ਹੀ ਗੁਰਮੁਖ ਭਗਤ ਜਨਾਂ ਦੇ ਰਿਦੰਤਰ ਆਨਿ ਵਸਦੇ ਹਨ । ਇਸ ਪ੍ਰਕਾਰ ਵਾਹਿਗੁਰੂ ਦੇ ਚਰਨਾਂ ਕੰਵਲਾਂ ਵਿਖੇ ਬਸਣਹਾਰਿਆਂ ਅਤੇ ਵਾਹਿਗੁਰੂ-ਚਰਨ ਰਿਦ ਵਸਾ ਕੇ ਹੋਰ ਤੋਂ ਹੋਰ ਵਧੇਰੇ ਕਮਾਈਆਂ ਕਰਨਹਾਰਿਆਂ ਨੂੰ ਸਚੇ ਸੁਖ ਦਰਸ਼ਨੀ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਕੁਛ ਊਣਤਾਈ ਨਹੀਂ ਰਹਿੰਦੀ । ਸਤਿਗੁਰ ਨਾਨਕ ਰੂਪੀ ਸਚੇ ਸਾਧ ਗੁਰੂ ਦੇ ਪ੍ਰਸਾਦ ਕਰਕੇ ਹੀ, ਪੂਰਨ ਜਗਦੀਸ਼ ਪ੍ਰਭੂ ਪਰਮਾਤਮਾ ਦੇ ਦਰਸ਼ਨ ਭੇਟੀਦੇ ਤੇ ਭੇਟ ਸਕੀਦੇ ਹਨ । ਗੁਰ ਸਤਿਗੁਰ ਦ੍ਰਿੜ੍ਹਾਏ ਨਾਮ ਨਿਧਾਨ ਦੇ ਪ੍ਰਤਾਪ ਕਰ ਹੀ ਇਹ ਸਚਾ ਸੁਖ ਦਰਸ਼ਨੀ ਆਨੰਦ ਨਸੀਬ ਹੁੰਦਾ ਹੈ ਅਤੇ ਸਚਖੰਡ ਦੇ ਪਰਤੱਖ ਦਰਸ਼ਨਾਂ ਦੀ ਸਮਾਈ ਹੁੰਦੀ ਹੈ । ਸਚਖੰਡ ਐਸਾ ਸੁਭਾਇਮਾਨ ਸਚਾ ਥਾਨ ਹੈ, ਜਿਥੇ ਸਦਾ ਹੀ ਜੈ ਜੈਕਾਰ ਆਨੰਦ ਮੰਗਲ ਦੀਆਂ ਧੁਨੀਆਂ ਧੁਨਤ ਲਲਤ ਲੀਲ੍ਹਾ ਵਿਚ ਬਿਸਮਤ ਹੋਈਆਂ ਸੁਣਾਈ ਦਿੰਦੀਆਂ ਹਨ । **ਯਥਾ ਗੁਰਵਾਕ :**

ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥
ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥੧॥ਰਹਾਉ॥
ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥
ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥ ੧ ॥
ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥
ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥ ੨ ॥
ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥
ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥ ੩ ॥
ਜੈ ਜੈਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ ॥
ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥੪॥੩੩॥੬੩॥
[ਬਿਲਾਵਲੁ ਮਹਲਾ ੫, ਪੰਨਾ ੮੧੬

१२

# ਸਚਖੰਡ ਕੀ ? ਦਰਸ਼ਨ ਖੰਡ ਹੈ !

ਸਚੀ ਸਹਿਜ ਆਨੰਦੀ, ਆਤਮ ਆਨੰਦੀ, ਪਰਮਾਤਮ ਆਨੰਦੀ, ਪਰਮਾਨੰਦੀ ਮੌਜ ਬਹਾਰ, ਸਹਿਜ ਪਦ ਪੁਗ ਖਲੋਤੇ, ਸਹਿਜ ਪਦ ਪੰਨੇ ਪਏ ਸਚਖੰਡ ਵਾਸੀਆਂ ਨੂੰ, ਸਚਖੰਡ ਦੇ ਸਦ-ਬਹਾਰੀ ਸਦ-ਨਿਵਾਸੀ ਦਰਸ਼ਨ ਵਿਚ ਅਪ੍ਰੋਕਸਤ ਹੁੰਦੀ ਹੈ। ਇਹ ਸਚ ਖੰਡ ਕੀ ਹੈ ? ਦਰਸ਼ਨ ਖੰਡ ਅਪ੍ਰੋਕਸ਼ ਦਰਸ਼ਨ ਖੰਡ ਹੈ। ਇਸ ਦਰਸ਼ਨ ਦੀ ਦਿੱਬਤਾ, ਇਸ ਦਰਸ਼ਨ ਦੀ ਲਤਾਫ਼ਤ, ਸਚਖੰਡ ਸੇਤੀ ਅਭੇਦ ਰੂਪ ਹੈ, ਤਿਥੇ (ਸਚ ਖੰਡ ਵਿਖੇ) ਕੇਵਲ ਸਤਿ ਕਰਤਾਰ ਦੇ ਦਰਸ਼ਨ ਹੀ ਦਰਸ਼ਨ ਹਨ। ਦਰਸ਼ਨਾਨੰਦ ਦੀ ਮਹਿਮਾ ਅਪਰ ਅਪਾਰ ਅਤੇ ਅਮਿੱਤ ਹੈ। ਦਰਸ਼ਨਾਂ ਦੇ ਅਮੀ ਰਸ ਦੀ ਪੁਹਾਰ ਜੋਤਿ ਕਿਰਨ ਦੀ ਕਿਣਮਿਣ ਕਾਰ ਜੋਤੀ ਸਰੂਪ ਵਿਚ ਤਦਾਕਾਰ ਹੋ ਕੇ, ਸਦਾ ਬਿਸਮ ਬਿਨੋਦੀ ਬਰਸਾਤ ਬਰਸਾਉਂਦੀ ਰਹਿੰਦੀ ਹੈ। ਸਾਵਣ ਭਾਦਵੀ ਰੁਤ ਪਾਵਸੀ ਬਰਸਾਤ ਤਿਸ ਅਗੇ ਮਾਤ ਹੈ, ਇਸ ਪਾਵਸ (ਬਰਸਾਤ) ਦਾ ਉਥੇ ਨਮੂਦ ਹੀ ਨਹੀਂ। ਓਥੇ ਅਹਿਨਿਸ ਅਥਾਹ ਅਮੀ ਸਰੋਵਰ ਰਸ-ਮਜਨੀ ਦਰਸ ਰਸ ਜੋਤਿ ਅਮਿਆਗਰੀ ਅਸਗਾਹ ਸਾਗਰ ਮੌਜਜ਼ਨ ਰਹਿੰਦੇ ਹਨ ਕਿ ਜਿਸ ਦੇ ਸਾਹਮਣੇ ਇਹ ਮਾਤ-ਲੋਕੀ ਸਿੰਧ ਸਾਗਰ ਹੇਚ ਹਨ। ਕਿਥੇ ਉਹ ਅਚਦ ਹਿਆਤੀ ਅਮੀ ਸਰੋਵਰ, ਜਿਸ ਵਿਚ ਜਿਉਂ ਜਿਉਂ ਲਹਿਰਾਂ ਉਠਦੀਆਂ ਹਨ ਤਿਉਂ ਤਿਉਂ ਰਸ ਰਮਨ ਸੰਜੋਗੀ ਹੁਲਾਸ ਦੇ ਬਿਸਮਾਦ ਵਿਚ ਲੀਨਤਾ ਹੁੰਦੀ ਜਾਂਦੀ ਹੈ ਅਤੇ ਕਿਥੇ ਇਹ ਭਵਸਾਗਰੀ ਸਿੰਧ, ਜਿਥੇ ਕਿ ਡੁਬਕਣੀਆਂ ਲੈਂਦਿਆਂ ਪ੍ਰਾਣ ਖਤਾ ਹੋ ਜਾਂਦੇ ਹਨ। ਤਾਂ ਤੇ ਏਹਨਾਂ ਭਵਜਲੀ ਸਿੰਧਾਂ ਦਾ ਓਥੇ (ਸਚਖੰਡ ਵਿਖੇ) ਖੁਰਾ ਖੋਜ ਭੀ ਨਹੀਂ। ਸਹਿਜ ਅਵਸਥਾ ਵਾਲਾ ਤਤ ਆਨੰਦ ਸਚਖੰਡ ਨਿਵਾਸ ਵਿਚ ਹੀ ਮਾਣੀਦਾ ਹੈ। ਸਚਖੰਡ ਦਾ ਜੋਤਿ ਪ੍ਰਚੰਡੀ ਤੇਜ ਐਸਾ ਸੁਖ-ਜੀਵਨਾ ਹੈ ਕਿ ਸਚਖੰਡ ਦੇ ਸਹਿਜ ਦਰਸ਼ਨ-ਆਨੰਦੀਆਂ ਨੂੰ ਸਦਾ ਹੀ ਰਸ ਵਿਗਾਸੀ ਸੀਤਲਤਾ ਵਿਖੇ ਮਜਨ ਮਗਨਾਰੀ ਕਰੀ ਰਖਦਾ ਹੈ। ਵਾਹਿਗੁਰੂ ਨਿਰੰਕਾਰ ਭਾਨਾਨ ਭਾਨ (ਸੂਰਜਾਂ ਦੇ ਸੂਰਜ) ਦੇ ਤੇਜ ਪ੍ਰਚੰਡੀ ਰਸ-ਠਰੂਰ ਦਰਸ਼ਨ ਦੀ ਆਭਾ ਸਚਖੰਡ ਵਿਖੇ ਅਤਿ ਨਿਰਾਰੀ ਹੈ ਕਿ ਸਹਿਜ ਦਰਸ਼ਨ-ਨਿਵਾਸੀਆਂ, ਰਸ-ਜੋਤਿ-ਮਜਨਾਸੀਆਂ ਨੂੰ ਸਦ ਸੀਤਲਤਾਈਂ ਵਰਤਾਈ ਰਖਦਾ ਹੈ। ਏਹਨਾਂ ਦ੍ਰਿਸ਼ਟਮਾਨ ਪਸਾਰੇ ਵਾਲੇ ਸੂਰਜਾਂ ਵਾਲੀ ਧੁੱਪ ਓਥੇ ਨਹੀਂ। ਨਾ ਹੀ ਓਥੇ ਗਰਮੀ ਹੈ, ਨਾ ਧੁੱਪ ਹੈ, ਮੇਰਾ ਸਚਖੰਡੀ ਸੂਰਜ ਓਥੇ (ਸਚਖੰਡ ਵਿਖੇ) ਸਦਾ ਹੀ ਉਦੇ ਰਹਿੰਦਾ ਹੈ, ਕਦੇ ਅਸਤ ਨਹੀਂ ਹੁੰਦਾ,

ਛਿਪਦਾ ਹੀ ਨਹੀਂ । ਏਸ਼ ਕਰਕੇ ਉਥੇ ਛਾਉਂ ਹੈ ਹੀ ਨਹੀਂ, ਕਦੇ ਹੁੰਦੀ ਹੀ ਨਹੀਂ । ਸਦ ਉਜਿਆਰਾ ਹੀ ਉਜਿਆਰਾ ਰਹਿੰਦਾ ਹੈ । ਅੰਧਿਆਰਾ ਕਦੇ ਹੁੰਦਾ ਹੀ ਨਹੀਂ । ਰਾਤ ਦਿਵਸ ਦੀ ਭਰਾਂਤ ਓਥੇ ਮਿਟ ਜਾਂਦੀ ਹੈ। ਅਮਰ ਹਿਆਤੀ ਸਦ-ਜੀਵਣੀ ਮੰਡਲ ਹੋਣ ਕਰਕੇ ਸਚਖੰਡ ਵਿਖੇ ਨਾ ਉਤਪਤੀ ਨ ਉਤਘਾਤ ਹੈ, ਨਾ ਪਰਲੌ ਕਾਲ ਦੀ ਅਫ਼ਾਤ ਹੈ, ਨਾ ਆਵਾਗਵਨਾਤ ਹੈ, ਜੀਊਣ ਮਰਨ ਅਰਥਾਤ ਜੰਮ ਕੇ ਮਰਨ, ਮਰ ਕੇ ਜੀਊਣ ਵਾਲਾ ਸਿਲਸਿਲਾ ਓਥੇ ਮੁਕਿਆ ਹੋਇਆ ਹੈ। ਜੰਮਣ ਮਰਨ ਆਵਾਗਵਨ ਹੀ ਸਾਰੇ ਦੁੱਖਾਂ ਦੀ ਖਾਣ ਹੈ, ਚੂੰਕਿ ਸਚਖੰਡ ਵਿਖੇ ਇਹ ਆਵਾਗਵਨ ਹੈ ਹੀ ਨਹੀਂ, ਇਸ ਕਰਕੇ ਓਥੇ ਦੁਖਾਂ ਦਾ ਬੀਜ ਨਾਸ ਹੈ, ਪਰ ਜੰਮ ਕੇ ਜੀਊਣਾ ਜੋ ਸੰਸਾਰੀਆਂ ਨੂੰ ਸੁਖ ਰੂਪ ਪਰਤੀਤ ਹੁੰਦਾ ਹੈ, ਵਾਸਤਵ ਵਿਚ ਇਹ ਜੀਊਣਾ ਭੀ ਦੁਖ ਰੂਪ ਹੈ । ਸਚਖੰਡ ਵਿਖੇ ਨਾ ਹੀ ਸੰਸਾਰੀ ਜੀਵਨ ਰੂਪੀ ਦੁਖ ਵਾਲਾ ਸੁਖ ਹੈ ਅਤੇ ਨਾ ਹੀ ਮਰਨ ਕਾਲ ਵਾਲਾ ਤ੍ਰਾਸ ਮਈ ਦੁਖ ਰੂਪ ਵਿਆਪਦਾ ਹੈ । ਸੰਸੇ ਫੁਰਨੇ ਓਥੇ ਫੁਰਦੇ ਹੀ ਨਹੀਂ । ਸਕਾਮ ਨਿਸ਼ਕਾਮ ਕਾਮਨਾਵਾਂ ਓਥੇ ਜਾਗਦੀਆਂ ਹੀ ਨਹੀਂ । ਤਾਂ ਤੇ ਸਚਖੰਡ ਵਿਚ ਸਾਵਿਕਲਪ ਅਤੇ ਨਿਰਵਿਕਲਪ ਸਮਾਧੀਆਂ ਲਾਉਣ ਦੀ ਲੋੜ ਹੀ ਨਹੀਂ ਪੈਂਦੀ । ਸਚੀ ਸਹਿਜ ਅਵਸਥਾ ਸਚਖੰਡ ਵਿਚ ਹੀ ਪਰਧਾਨ ਹੈ । ਤਾਂ ਤੇ ਸਚੱਖੰਡੀ ਸਹਿਜ ਅਵਸਥਾ ਦੀ ਕਥਾ ਅਤਿ ਵਿਲੱਖਣ (ਨਿਆਰੀ) ਹੈ, ਇਹ ਹਾੜੀ ਨਹੀਂ ਜਾ ਸਕਦੀ, ਨਾ ਹੀ ਇਸ ਦਾ ਅੰਤ ਲਿਆ ਜਾ ਸਕਦਾ ਹੈ, ਇਹ ਘਟਦੀ ਵਧਦੀ ਕਦੇ ਨਹੀਂ । ਸਦਾ ਇਕ-ਸਾਰ ਸਰਸ਼ਾਰ ਅਮਿੱਤਾਰ ਰਹਿੰਦੀ ਹੈ । ਸਚਖੰਡ ਵਿਖੇ ਨਾ ਕੋਈ ਪਾਤਾਲ ਹੈ ਨ ਅਕਾਸ਼ । ਹੱਦ ਬੰਨਾ ਹੈ ਕੋਈ ਨਹੀਂ, ਜੋਤਿ ਵਿਗਾਸੀ ਉਘਾੜ ਹੀ ਉਘਾੜ, ਦਰਸ ਪ੍ਰਗਾਸੀ ਡਲ੍ਹਕਾਰ ਹੀ ਡਲ੍ਹਕਾਰ ਹੈ। ਅੰਚਲ ਅਬਦੀ ਜੋਤਿ ਚਾਨਾਣ ਓਥੇ ਹੋਣ ਕਰਕੇ ਸਚਖੰਡ ਵਿਖੇ ਨਾ ਰਾਤ ਪੈਂਦੀ ਹੈ ਨਾ ਮੁੜਿ ਮੁੜਿ ਦਿਨ ਚੜ੍ਹਦਾ ਹੈ । ਇਸ ਲੋਕ ਵਿਖੇ ਜੀਵਾਂ ਦੀ ਜਿੰਦ ਜਾਨ ਜਲ ਪਵਨ ਅਗਨੀ ਦੇ ਸਹਾਰੇ ਹੈ, ਪਰ ਸਚਖੰਡ ਵਿਚ ਏਹਨਾਂ ਅਗਨ ਪਾਣੀ ਪ੍ਰਵਨਾਂ ਦੀ ਲੋੜ ਨਹੀਂ, ਨਾ ਹੀ ਏਹ ਉਥੇ ਹਨ । ਸਚਖੰਡ ਵਿਚ ਨਾ ਜਲ ਹੈ, ਨਾ ਪ੍ਰਉਣ ਹੈ, ਨਾਂ ਪਾਵਕ (ਅਗਨੀ) ਹੈ । ਸਚਖੰਡ ਦੇ ਵਾਸੀਆਂ, ਸਹਿਜ ਪਦ ਵਿਗਾਸੀਆਂ ਨੂੰ ਸੱਚੇ ਵਾਹਿਗੁਰੂ ਨਿਰੰਕਾਰ ਦਾ ਦਰਸ਼ਨ ਆਨੰਦੀ ਆਧਾਰ ਹੀ ਹੈ। ਤਿਥੇ (ਸਚਖੰਡ ਵਿਚ) ਨਿਰਾ ਗੁਰੂ ਵਾਹਿਗੁਰੂ ਜੋਤੀ ਸਰੂਪ ਹੀ ਸਾਰੇ ਭਰਪੂਰ ਲੀਣਾ ਹੋਇ ਕੇ ਸਮਾਇ ਰਿਹਾ ਹੈ । ਸਚਖੰਡ ਵਿਖੇ ਅਗਮ ਅਗੋਚਰ ਪਾਰਬ੍ਰਹਮ ਹੀ ਪਰੀਪੂਰਨ ਹੋਇ ਰਹਿਆ ਹੈ । ਇਹ ਸਚਖੰਡ ਵਾਸੀ ਪਾਰਬ੍ਰਹਮ ਨਿਰੰਕਾਰ ਸਰਬ ਨਿਵਾਸੀ ਭੀ ਹੈ, ਲੋਕ ਪਰਲੋਕ ਸਗਲ ਖੰਡਾਂ ਬ੍ਰਹਿਮੰਡਾਂ ਵਿਖੇ ਅਤੇ ਸਰਬ ਘਟਾਂ ਅੰਤਰ ਨਿਰੰਤਰ ਸਮਾਇ ਰਿਹਾ ਹੈ, ਪ੍ਰੰਤੂ ਕੇਵਲ ਗੁਰੂ ਪਰਸਾਦ

ਕਰਕੇ ਲਖੀਦਾ ਹੈ । ਗੁਰ-ਪਰਸਾਦੀ-ਲਖੀਸ਼ਰਾਂ ਨੂੰ ਇਸ ਲੋਕ ਵਿਖੇ ਭੀ ਸਚਖੰਡ ਦੇ ਨਜ਼ਾਰੇ ਪਰਗਟ ਪਾਹਾਰੇ ਜਾਪਦੇ ਹਨ, ਸਤਿਸੰਗਤ ਵਿਖੇ ਮਿਲ ਰਹਿਣ ਕਰਕੇ ਸਦ ਸਤਸੰਗਿ ਵਿਖੇ ਵਾਸਾ ਕਰਨ ਕਰਕੇ ਹੀ ਇਹ ਨਜ਼ਾਰੇ ਪਰਤੱਖ ਬਣੇ ਰਹਿੰਦੇ ਹਨ । ਪਰੰਤੂ ਅਜਿਹਾ ਸਚਖੰਡ ਦਰਸਾਰੀ ਸਤਿਸੰਗ ਕੇਵਲ ਗੁਰੂ ਘਰ ਵਿਖੇ ਹੀ ਹੈ, ਜਿਥੇ ਨਿਰੰਕਾਰੀ ਰੂਪ ਸਤਿਗੁਰ ਸਦਾ ਹੀ ਹਾਜ਼ਰ ਨਾਜ਼ਰ ਹੋ ਕੇ ਬਿਰਾਜਮਾਨ ਰਹਿੰਦੇ ਹਨ । ਗੁਰੂ-ਭਉਰੇ ਸਤਿਗੁਰੂ ਵਿਟਹੁ, ਜੋਤਿ ਵਿਚ ਸਮਾਏ ਸਦਾ ਜਲੰਵ ਜਲਵਾਏ, ਘੋਲ ਘੁਮਾਏ ਰਹਿੰਦੇ ਹਨ । ਯਥਾ ਗੁਰਵਾਕ :

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥
ਜੀਵਨੁ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥੧॥
ਸਹਜ ਕੀ ਅਕਥ ਕਥਾ ਹੈ ਨਿਰਾਰੀ ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥੧॥ਰਹਾਉ॥
ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥
ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥੨॥
ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥
ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥੩॥
੪॥੪੮॥ [ਗਉੜੀ ਕਬੀਰ ਜੀ, ਪੰਨਾ ੩੩੩

ਐਸਾ ਜੋ ਨਿਹਚਲ ਸਚ ਥਾਨ ਸਚਖੰਡ ਹੈ, ਤਿਸ ਦੀ ਮਹਿਮਾ ਤੇ ਤਿਥੇ ਵਸਣਹਾਰਿਆਂ ਦੀ ਅਵਸਥਾ ਦਸਦੇ ਹੋਏ ਭਗਤ ਰਵਿਦਾਸ ਜੀ ਇਉਂ ਉਚਾਰਨ ਕਰਦੇ ਹਨ :

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥ ੨ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥
੨ ॥ [ਗਉੜੀ ਰਵਿਦਾਸ ਜੀ, ਪੰਨਾ ੩੪੫

ਉਸ ਸਚੇ ਖੰਡ ਨੂੰ ਭਗਤ ਰਵਿਦਾਸ ਜੀ ਪ੍ਰੇਮ ਰੰਗਣ ਵਿਚ ਆ ਕੇ ਗ਼ਮ ਰਹਿਤ, ਅਰਥਾਤ ਬੇਗਮਪੁਰੇ ਦਾ ਨਾਉਂ ਦਿੰਦੇ ਹਨ, ਕਿਉਂਕਿ ਓਥੇ ਦੂਖ, ਸ਼ੋਕ,

ਗ਼ਮ ਚਿੰਤਾ ਨਹੀਂ, ਨਾ ਘਬਰਾਹਟ ਹੈ, ਨਾ ਓਥੇ ਦੁਨੀਆਵੇ ਪਾਤਸ਼ਾਹਾਂ ਵਾਂਗ ਕਿਸੇ ਪਾਤਸ਼ਾਹ ਨੂੰ ਕਰ ਦੇਣਾ ਪੈਂਦਾ ਹੈ, ਨਾ ਤਿਥੇ ਸੰਸਾਰਕ, ਮਾਲ ਧਨ ਹੈ। ਨਾ ਉਥੇ ਡਰ ਨਾ ਗੁਨਾਹ ਤੇ ਨਾ ਜ਼ਵਾਲ (ਘਾਟਾ) ਹੀ ਹੈ। ਕਹਿੰਦੇ ਹਨ ਰਵਿਦਾਸ ਜੀ ਕਿ ਅਸੀਂ ਅਜਿਹੀ ਚੰਗੀ ਵਤਨਗਾਹ (ਨਿਵਾਸ-ਅਸਥਾਨ) ਪਾਈ ਹੈ ਕਿ ਜਿਥੇ ਸਦਾ ਸੁਖ ਸਾਂਦ ਵਰਤਦੀ ਹੈ। ਓਥੇ ਸਚੇ ਨਿਰੰਕਾਰ ਦੀ ਸਚੀ ਪਾਤਸ਼ਾਹੀ ਸਦ ਸਦੀਵ ਕਾਇਮ ਰਹਿੰਦੀ ਹੈ। ਕੂੜੀਆਂ ਸੰਸਾਰਕ ਪਾਤਸ਼ਾਹੀਆਂ ਵਾਂਗ ਦੂਜੀ ਤੀਜੀ ਪਾਤਸ਼ਾਹੀ ਨਹੀਂ ਬਦਲਦੀ। ਸਦਾ ਇਕੋ ਹੀ ਰਹਿੰਦੀ ਹੈ। ਇਹ ਸਚਖੰਡ ਬੇਗ਼ਮਪੁਰਾ ਸ਼ਹਿਰ ਬੜ੍ਹਾ ਘੁਗ ਵਸਦਾ ਹੈ ਤੇ ਨਿਰੰਕਾਰ ਦਾ ਨਿਵਾਸ-ਖੰਡ ਹੋਣ ਕਰਕੇ ਨਿਰੰਕਾਰ ਸਮਾਨ ਹੀ ਪ੍ਰਸਿਧ ਹੈ। ਉਥੇ ਨਾਮ ਧਨ ਨਾਲ ਨਿਵਾਜੇ ਹੋਏ, ਕਰਤੇ ਪੁਰਖ ਦੇ ਨੀਯਤ ਕੀਤੇ ਹੋਏ, ਨਾਮ ਰਸ ਦੇ ਧਨੀ ਭਗਤ ਜਨ ਹੀ ਵਸਦੇ ਹਨ। ਉਹ ਉਸ ਸਚਖੰਡ ਰੂਪੀ ਸਚੇ ਮਹਿਲ ਦੇ ਮਹਿਰਮ (ਭੇਤੀ) ਹੁੰਦੇ ਹਨ। ਉਹ ਜਿਵੇਂ ਚਾਹੁਣ, ਏਸ ਮਹਿਲ ਦਾ ਸੈਲ ਕਰਨ ਰੂਪੀ ਆਨੰਦ ਲੈਣ। ਤਿਨ੍ਹਾਂ ਨੂੰ ਅਟਕ ਅਟਕਾਉ ਕੋਈ ਨਹੀਂ। ਭਾਵੇਂ ਤਿਥੇ ਵਸਣ, ਚਾਹੇ ਇਸ ਲੋਕ ਵਿਚ ਸੈਲ ਦੇ ਤੌਰ ਪਰ "ਗੁਰਮੁਖਿ ਆਵੈ ਜਾਇ ਨਿਸੰਗੁ"* ਦੇ ਗੁਰਵਾਕ ਅਨੁਸਾਰ ਮੁੜ ਫੇਰਾ ਪਾਉਣ ਲਈ ਆ ਜਾਣ। ਓਥੇ ਸਦਾ ਹੀ ਅਸਲ ਸਚੇ ਅਰਥਾਂ ਵਾਲੀ ਆਜ਼ਾਦੀ ਓਥੇ ਦੇ ਵਸਨੀਕਾਂ ਨੂੰ ਪ੍ਰਾਪਤ ਹੈ। ਐਸੇ ਸਚਖੰਡ ਬੇਗਮਪੁਰੇ ਸ਼ਹਿਰ ਦੇ ਜੋ ਸ਼ਹਿਰੀ ਹਮਵਤਨ ਹਨ, ਓਹੋ ਹੀ ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਸਾਡੇ ਮਿਤਰ ਹਨ। ਅਰਥਾਤ ਸਚੇ ਮਿੱਤਰ ਨਾਮ ਰਸੀਏ ਸਜਨ ਹੀ ਹਨ। ਓਹਨਾਂ ਦੀ ਹੀ ਪ੍ਰਸਪਰ ਮਿਤ੍ਰਤਾ ਨਾਮ ਦੇ ਸੰਬੰਧ ਕਰਕੇ ਤੋੜ ਨਿਭ ਸਕਦੀ ਹੈ ਤੇ ਲੋਕ ਪ੍ਰਲੋਕ ਵਿਚ ਸਦਾ ਲਈ ਕਾਇਮ ਰਹਿ ਸਕਦੀ ਹੈ।

ਤਿਸ ਅਲੌਕਿਕ ਸਚਖੰਡ ਤੋਂ ਅਕਾਲ ਪੁਰਖ ਨਿਰੰਕਾਰ ਦੀ ਨਿਰੰਕਾਰੀ ਜੋਤਿ ਏਸ ਮਾਤ-ਲੋਕ ਵਿਚ ਜਗਤ ਨਿਸਤਾਰੇ ਲਈ ਗੁਰੂ ਰੂਪ ਹੋ ਕੇ ਬਾਬੇ ਨਾਨਕ ਨਿਰੰਕਾਰੀ ਦੇ ਸਰੂਪ ਵਿਚ ਉਤਰੀ। ਜੋ ਦਸ ਜਾਮੇ ਧਾਰ ਕੇ ਫੇਰ ਤਿਸੇ ਸਚਖੰਡ-ਮੰਡਲ ਵਿਚ ਜਾ ਨਿਰੰਕਾਰ ਦੀ ਜੋਤਿ ਵਿਚ ਪ੍ਰਵੇਸ਼ ਹੋਈ ਤੇ ਜਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸ਼ਬਦ ਰੂਪ ਹੋ ਕੇ ਵਰਤਮਾਨ ਹੋਈ। ਦਸ ਗੁਰੂ ਜਾਮਿਆਂ ਦੀ ਜੋਤਿ ਜਿਵੇਂ ਏਸ ਲੋਕ ਵਿਚ ਪ੍ਰਵੇਸ਼ ਹੁੰਦੀ ਰਹੀ, ਤਿਸ ਪ੍ਰਥਾਇ ਭੱਟਾਂ ਦੇ ਸਵਯਾਂ ਵਿਚ ਇਉਂ ਅੰਕਿਤ ਹੋਇਆ ਹੈ:

ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਰ ਭਾਯਉ ॥

---

* ਰਾਮਕਲੀ ਮ: ੧, ਦਖਣੀ ਓਅੰਕਾਰ, ਪੰਨਾ ੯੪੨

ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥
ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥
ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥
ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥
੨ ॥ ੨੧ ॥ ੯ ॥ ੧੧ ॥

[ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯

(੧) ਇਸ ਗੁਰਵਾਕ ਤੋਂ ਇਹ ਗੱਲਾਂ ਸਪਸ਼ਟ ਸਿਧ ਹੁੰਦੀਆਂ ਹਨ ਕਿ ਸਚਖੰਡ ਮਈ ਦੇਵਪੁਰੀ ਇਕ ਖ਼ਾਸ ਦਿਬ ਮੰਡਲੀ ਅਸਥਾਨ ਹੈ । ਜਿਥੋਂ ਕਿ ਗੁਰੂ ਜੋਤਿ ਜਾਮਿਆਂ ਦੇ ਆਗਮਨ ਹੋਏ ਅਤੇ ਦੇਵਨੇਤੀ ਅਕਾਲੀ ਭਾਣੇ ਅੰਦਰ ਫਿਰ ਉਸ ਅਸਥਾਨ ਵਿਖੇ ਉਪਕਾਰ ਯਾਤਰਾ ਪੂਰੀ ਕਰਕੇ ਮੁੜਿ ਗਵਨ ਕਰਦੇ ਰਹੇ । ਪਰਮੇਸੁਰ ਪਰਮਾਤਮ ਦੇਵ ਦੀ ਦੇਵ ਪੁਰੀਓਂ ਸਚਖੰਡੋਂ ਨਿਰੰਕਾਰੀ ਰੂਪ ਓਅੰਕਾਰ ਹੋ ਕੇ ਵੀ ਵਾਹਿਗੁਰੂ ਪਰਮਾਤਮ ਦੇਵ ਦੇ ਸੁਪ੍ਰਸੰਨਤਾ ਸੰਪੰਨ ਭਾਣੇ ਅੰਦਰ ਹੀ ਗੁਰੂ ਜੋਤਿ ਜਾਮੇ ਆਪੋ ਆਪਣਾ ਗੁਰੱਤਤਾ ਨਿਪੁੰਨ ਮਿਸ਼ਨ ਪੂਰਾ ਕਰਿ ਕਰਿ ਨਿਜ ਦੇਵ-ਸਥਾਨੇ ਪਿਆਨੇ ਕਰਦੇ ਰਹੇ ।

(੨) ਸਿਰੀ ਅਕਾਲ ਪੁਰਖ ਦੇ ਦਿਬ ਰੂਪ ਦੇਵ ਸਥਾਨੀ (ਸਚਖੰਡੀ) ਸਿੰਘਾਸਨ ਦਾ ਭੀ ਵਜੂਦ ਹੈ, ਜੋ ਸਚਖੰਡ ਵਿਖੇ ਸਦਾ ਮਉਜੂਦ ਹੈ । ਉਸ ਸਚਖੰਡੀ ਸਿੰਘਾਸਨ ਦਾ ਵਜੂਦ ਅਤਿ ਅਨੂਪਮ ਪਰਮ ਅਦਭੁਤ ਅਤੇ ਅਤਿ ਸੁਚੀ ਸਚੀ ਦਿਬ ਜੜਤ ਸੇਤੀ ਮੁਰੱਸਾ (ਜੜੰਨਾ) ਹੈ, ਜੋ ਵਰਨਿਆ ਨਹੀਂ ਜਾ ਸਕਦਾ, ਕੇਵਲ ਦੇਖਾ ਹੀ ਪਰਵਾਨ ਹੈ ।

(੩) ਸਚਖੰਡ ਵਿਖੇ ਹਰਿ ਸਿੰਘਾਸਨ ਤੇ ਬੈਠਾ ਸਚਾ ਨਿਰੰਕਾਰ ਵਾਹਿਗੁਰੂ ਜਲਵਾਗਰ ਹੋਇ, ਆਪਣੇ ਸਚਖੰਡ ਮੰਡਲੀ ਭਗਤ ਜਨਾਂ ਨੂੰ ਨਦਰੀ ਆਉਂਦਾ ਤੇ ਬਿਸਮਾਉਂਦਾ ਹੈ, ਜਿਸ ਦੀ ਸੋਭਾ ਨੂੰ ਪੇਖਣਹਾਰੇ ਭਗਤ ਜਨ ਬਿਸਮ ਰੂਪ ਹੀ ਹੋਇ ਰਹਿੰਦੇ ਹਨ ।

(੪) ਦਿੱਬ ਜੋਤੀਸ਼ ਗੁਰੂ ਜਾਮੇ ਜਦੋਂ ਆਪਣੀ ਗੁਰੱਤ ਮਿਸ਼ਨ ਯਾਤਰਾ ਪੂਰੀ ਕਰਕੇ ਸਚਖੰਡ ਨੂੰ ਸਿਧਾਰਦੇ ਹਨ ਤਾਂ ਉਹ ਨਿਰੰਕਾਰੀ ਸੱਚੇ ਤਖ਼ਤ ਸਿੰਘਾਸਨ ਵਾਲਾ ਸਚਖੰਡੀ ਪਾਤਸ਼ਾਹ ਵਾਹਿਗੁਰੂ, ਆਪਣੇ ਗੁਰੂ ਜੋਤਿ-ਅੰਸੀ ਸਰੂਪ ਗੁਰੂ-ਜਾਮਿਆਂ ਦੀ ਆਗਮ-ਅਗਵਾਈ (ਇਸਤਕਬਾਲ) ਕਰ ਕੇ ਉਨ੍ਹਾਂ ਨੂੰ ਨਿਜ ਸਿੰਘਾਸਨ ਉਤੇ ਬਿਰਾਜਮਾਨ ਕਰਾਇ ਲੈਂਦਾ ਹੈ । ਹਰਿ ਚੰਉ ਛਾਡਿ ਸਿੰਘਾਸਨ ਆਉਂਦਾ ਹੈ ਅਤੇ ਨਿਜ ਸਰੂਪ-ਅੰਸ ਗੁਰੂਜੋਤਿ-ਜਾਮੇ ਨੂੰ ਸਿੰਘਾਸਨ ਤੇ ਬਿਠਾਉਂਦਾ ਹੈ ।

(੫) ਫਿਰ ਇਕੋ ਸਿੰਘਾਸਨ ਉਤੇ ਸਿਰੀ ਵਾਹਿਗੁਰੂ ਨਿਰੰਕਾਰ ਅਤੇ ਗੁਰੂ ਜੋਤਿ ਜਾਮੇ ਬਿਰਾਜਮਾਨ ਹੋਇ ਰਹਿੰਦੇ ਹਨ, ਜੋ ਭਿੰਨ ਭਿੰਨ ਸਰੂਪ ਵਿਚ ਭੀ ਨਿਰਖੇ ਜਾਂਦੇ ਹਨ ਅਤੇ ਅਭੇਦ ਰੂਪ ਭੀ ਹੋਇ ਰਹਿੰਦੇ ਹਨ। ਇਹ ਇਕ ਅਦਭੁਤ ਦ੍ਰਿਸ਼ਯ ਹੈ, ਜਿਸ ਦਾ ਅਮੰਨਾ ਕੇਵਲ ਸਾਖਸ਼ਾਤਕਾਰ ਹੋਇਆਂ ਹੀ ਆ ਸਕਦਾ ਹੈ।

ਇਸ ਦ੍ਰਿਸ਼ਯ ਨੂੰ ਦੇਖ ਕੇ ਰਹੱਸ-ਪੁਰੀ ਬਿਸਮ ਖੰਡ ਪੁਰੀ ਦੇ ਸੁਰ ਦੇਵ ਅਤਯੰਤ ਹੀ ਬਿਸਮਾਦ ਜਨਕ ਆਨੰਦ ਨੂੰ ਪ੍ਰਾਪਤ ਹੁੰਦੇ ਹਨ। ਅਤੇ ਜੈ ਜੈਕਾਰ ਦੀਆਂ ਧੁਨੀਆਂ ਜੈਪਾਉਂਦੇ ਅਲਾਉਂਦੇ ਹਨ। ਗੁਰਪੁਰੀ ਨੂੰ ਜਾਂਦਿਆਂ ਨੂੰ ਪੇਖ ਕੇ ਉਰਲੇ ਖੰਡਾਂ ਦੇ ਜਿਤਨੇ ਭੀ ਸੁਰਦੇਵ ਹਨ ਤਿਨ੍ਹਾਂ ਨੇ ਤਾਂ ਜੈ ਜੈਕਾਰ ਧੁਨੀਆਂ ਗੁੰਜਾਇ ਕੇ ਪਰਫੁਲਤ ਹੋਣਾ ਹੀ ਸੀ, ਪਰ ਜਮ-ਪੁਰੀਆਂ ਦੇ ਜਮਦੂਤ ਗਣ ਭੀ ਜਮ-ਪੁਰੀਆਂ ਨੂੰ ਅਤੇ ਜਮ-ਪੁਰੀ ਜੰਤੂਆਂ ਨੂੰ ਛਡ ਕੇ ਭਜ ਜਾਂਦੇ ਹਨ। ਓਹਨਾਂ ਦੇ ਅੰਦਰਲੇ ਪਾਪ ਆਪੇ ਹੀ ਕੰਬ ਉਠਦੇ ਹਨ। ਜਦ ਨਿਰੰਕਾਰੀ ਅਕਸ ਮਾਤਰੀ ਨਿਕਟਾਰ ਗੁਜ਼ਾਰ ਕਰਕੇ ਜਮ ਅਤੇ ਜਮ-ਨਗਰ ਵਾਸੀਆਂ ਦੇ ਪਾਪ ਕੰਬ ਉਠਦੇ ਹਨ ਅਤੇ ਅਸੁਰ ਭਾਗ ਜਾਂਦੇ ਹਨ, ਤਦ ਜਿਨ੍ਹਾਂ ਦੇ ਗੁਰੂ ਨ੍ਰਿੰਕਾਰੀ ਜੋਤਿ ਜਾਮਿਆਂ ਦੇ ਦਰਸ਼ਨਾਂ ਦੀ ਪਰਤੱਖ ਪ੍ਰਾਪਤੀ ਇਸ ਮਾਤ ਲੋਕ ਵਿਖੇ ਕਰ ਲਈ ਹੈ, ਤਿਨ੍ਹਾਂ ਦੇ ਪਾਪ ਤਾਂ ਕਟੇ ਜਾਣੇ ਹੀ ਸੀ, ਅਰਥਾਤ ਤਿਨ੍ਹਾਂ ਨਰਾਂ ਦੇ ਪਾਪ ਕਟੇ ਗਏ।

ਗੁਰੂ ਜੋਤਿ ਜਾਮਿਆਂ ਦੇ ਸਚਖੰਡ ਗਵਨ ਦੀ ਅਮਿਤ ਮਹਿਮਾ ਇਹੀ ਰਹੀ ਹੈ ਕਿ ਅਨੇਕਾਂ ਸੁਰ ਨਰ ਮੁਨ ਜਨਾਂ ਨੂੰ ਤਾਰ ਕੇ ਇਸ ਮਾਤ ਲੋਕ ਵਿਖੇ ਜਿਉਂ ਆਏ, ਗੁਰੱਤਤਾ ਦੀ ਛਤਰ ਸਿੰਘਾਸਨ ਇਸ ਪ੍ਰਿਥਮੀ ਵਿਖੇ ਕਾਇਮ ਦਾਇਮ ਹੀ ਰਖਿਆ, ਜੋ ਹੁਣ ਤੀਕ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਜਾਮੇ ਸਰੂਪ ਵਿਚ ਵਿਦਮਾਨ ਹੈ। ਅਜ ਗੁਰੂ ਕੇ ਸਿਖ ਇਸ ਮਾਤ ਲੋਕ ਵਿਖੇ ਭੀ ਛਤਰ ਸਿੰਘਾਸਨੀ ਸਚੇ ਗੁਰੂ ਪਾਤਸ਼ਾਹ ਦੀ ਸਤਿਸੰਗਤ ਦੇ ਤੁਫ਼ੈਲ ਅਰਸ਼ਾਂ ਕੁਰਸਾਂ ਦੇ ਸਚਖੰਡੀ ਦਰਸ਼ਨ ਦਾ ਸਾਂਗੋ ਪਾਂਗ ਨਜ਼ਾਰਾ ਮਾਣ ਸਕਦੇ ਹਨ, ਜਿਸ ਨੂੰ ਕਹਿਣ ਕਥਨ ਦੀ ਕੁਦਰਤ ਨਹੀਂ। ਇਸ ਦੀ ਸੋਭਾ ਬਸ ਪੇਖੀ ਹੀ ਪ੍ਰਰਵਾਨ ਹੈ—

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥

[ਸਲੋਕ ਕਬੀਰ ਜੀ, ਪੰਨਾ ੧੩੭੦

# ਜ਼ਰੂਰੀ ਨੋਟ

## (ਲਿਖਤ ਗਿਆਨੀ ਨਾਹਰ ਸਿੰਘ ਜੀ)

ਉਪਰ ਦਿਤੇ ਭੱਟਾਂ ਦੇ ਸਵਈਏ "ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥" ਦਾ ਅਰਥ ਭਾਈ ਸਾਹਿਬ ਜੀ ਨੇ ਬੜੇ ਗੂੜ੍ਹ ਅਤੇ ਬਿਸਮਾਦੀ ਰੰਗ ਵਿਚ ਕੀਤਾ ਹੈ। ਇਸ ਨੂੰ ਸੌਖਾ ਸਮਝਣ ਲਈ ਕੁਝ ਸਤਰਾਂ ਲਿਖਣੀਆਂ ਜ਼ਰੂਰੀ ਸਮਝੀਆਂ ਗਈਆਂ ਹਨ। ਸਵਈਏ ਦੇ ਮੋਟੇ ਅਰਥ ਇਹ ਹਨ :—

ਜਦੋਂ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਕੇ ਸਚਖੰਡ ਨੂੰ ਜਾ ਰਹੇ ਸਨ ਤਾਂ ਅਕਾਲ ਪੁਰਖ ਨੂੰ ਇਹ ਭਾਇਆ ਕਿ ਗੁਰੂ ਸਾਹਿਬ ਸੁਰਗ ਪੁਰੀ (ਇੰਦਰਪੁਰੀ) ਵਿਚੀਂ ਹੋ ਕੇ ਆਉਣ। ਸੋ ਗੁਰੂ ਰਾਮਦਾਸ ਜੀ ਅਕਾਲ ਪੁਰਖ ਦੀ ਇਛਾ ਅਨੁਸਾਰ (ਇੰਦਰਪੁਰੀ) ਵਿਚ ਗਏ। ਇੰਦਰ ਨੇ ਗੁਰੂ ਸਾਹਿਬ ਨੂੰ ਆਪਣੇ ਸਿੰਘਾਸਨ ਉਤੇ ਬਿਠਾਇਆ, ਅਤੇ ਬੜਾ ਜਸ ਕੀਤਾ ਤੇ ਜੈ ਜੈਕਾਰ ਕੀਤਾ। ਇਨ੍ਹਾਂ ਤੁਕਾਂ ਵਿਚ ਆਏ "ਸੁਰ ਦੇਵ" ਅਤੇ 'ਹਰਿ' ਤੋਂ ਭਾਵ ਦੇਵਤਿਆਂ ਦਾ ਰਾਜਾ ਇੰਦਰ ਹੈ, ਜਿਸ ਨੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬੜੀ ਖੁਸ਼ੀ ਪਰਗਟ ਕੀਤੀ। ਰਸਤੇ ਵਿਚ ਹੋਰ ਪੁਰੀਆਂ ਦੇ ਤੇ ਜਮ-ਨਗਰ-ਵਾਸੀਆਂ ਦੇ ਪਾਪ ਵੀ ਕੰਬ ਉਠੇ ਅਤੇ ਜਮ ਉਨ੍ਹਾਂ ਨੂੰ ਛਡ ਕੇ ਭਜ ਉਠੇ। ਕਿਉਂਕਿ ਉਨ੍ਹਾਂ ਪਾਪੀਆਂ ਨੂੰ ਗੁਰੂ ਜੀ ਦੇ ਦਰਸ਼ਨ ਹੋ ਗਏ ਸਨ, ਇਸ ਤਰ੍ਹਾਂ ਇਨ੍ਹਾਂ ਪਾਪੀਆਂ ਦੇ ਪਾਪ ਕਟੇ ਗਏ। ਇਸੇ ਤਰ੍ਹਾਂ ਜਦ ਗੁਰੂ ਰਾਮਦਾਸ ਜੀ ਇਸ ਦੁਨੀਆ ਪਰ ਸਨ, ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੇ ਇਥੇ ਦਰਸ਼ਨ ਪਾਏ ਉਨ੍ਹਾਂ ਦੇ ਪਾਪ ਵੀ ਕਟੇ ਗਏ। ਉਹ ਗੁਰੂ ਰਾਮਦਾਸ ਜੀ ਹੁਣ ਦੁਨੀਆ ਵਿਚ ਗੁਰਿਆਈ ਦਾ ਛਤਰ ਸਿੰਘਾਸਨ ਗੁਰੂ ਅਰਜਨ ਦੇਵ ਜੀ ਨੂੰ ਦੇ ਕੇ ਸਚਖੰਡ ਨੂੰ ਚਲੇ ਗਏ।

ਇਸ ਚਲ ਰਹੀ ਵੀਹਵੀਂ ਸਦੀ ਵਿਚ ਕੁਝ ਵਿਦਵਾਨ ਜਪੁਜੀ ਸਾਹਿਬ ਵਿਚ ਆਏ ਪੰਜਾਂ ਖੰਡਾਂ ਨੂੰ ਅਨੁਭਵ ਵਿਚ ਹੀ ਮੰਨਦੇ ਹਨ, ਪਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਪੰਡਿਤ ਕਰਤਾਰ ਸਿੰਘ ਜੀ 'ਦਾਖਾ' ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਗੁਰਮੁਖ ਸਜਣ ਇਨ੍ਹਾਂ ਖੰਡਾਂ ਨੂੰ ਵਾਸਤਵੀ ਮੰਡਲ ਮੰਨਦੇ ਹਨ। ਅਰਥਾਤ ਕਿ ਇਹ ਪੰਜੇ ਖੰਡ ਵਖੋ ਵਖਰੇ ਮੰਡਲ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਇਸ 'ਸਚਖੰਡ ਦਰਸ਼ਨ' ਪੁਸਤਕ ਵਿਚ ਇਨ੍ਹਾਂ ਖੰਡਾਂ ਦੀ ਵਿਆਖਿਆ ਕੀਤੀ ਹੈ। ਪੰਡਿਤ ਕਰਤਾਰ ਸਿੰਘ ਜੀ 'ਦਾਖਾ' ਨੇ ਆਪਣੇ 'ਜਪੁ ਨੀਸਾਣ' ਦੇ ਟੀਕੇ ਵਿਚ ਖੰਡਾਂ ਬਾਰੇ ਬੜਾ ਖੋਲ੍ਹ ਕੇ ਲਿਖਿਆ ਹੈ ਅਤੇ ਦਸਿਆ ਹੈ ਕਿ ਇਸ ਦੁਨੀਆ ਦੀ ਉਮਰ ਇਕ ਪਦਮ ਬਰਸ ਹੈ ਅਤੇ ਉਪਰਲੀ ਅਣਡਿੱਠੀ ਦੁਨੀਆ ਦੀ ਉਮਰ

ਦੋ ਪਦਮ ਬਰਸ ਹੈ, ਪਰ ਕਰਮ ਖੰਡ ਤੇ ਸਚ ਖੰਡ ਸਦਾ ਅਬਿਨਾਸ਼ੀ ਹਨ। ਪੰਡਤ ਜੀ ਨੇ ਤਾਂ "ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ"* ਵਾਲੀ ਪਉੜੀ ਦਾ ਅਰਥ ਕਰਦਿਆਂ ਹਿਸਾਬ ਕਰਕੇ ਦਸ ਦਿੱਤਾ ਹੈ ਕਿ ਵੀਹ ਪਦਮ ਵਾਰ ਗੁਰਮੰਤਰ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਉਧਾਰ ਹੋ ਜਾਂਦਾ ਹੈ, ਪਰ ਅਸਾਡਾ ਖ਼ਿਆਲ ਹੈ ਕਿ ਇਤਨਾ ਸਿਮਰਨ ਇਕ ਜਨਮ ਵਿਚ ਨਹੀਂ ਹੋ ਸਕਦਾ।

ਭਾਈ ਸਾਹਿਬ ਵੀਰ ਸਿੰਘ ਜੀ ਨੇ ਭੀ ਆਪਣੇ ਜਪੁਜੀ ਸਾਹਿਬ ਦੇ ਟੀਕੇ ਵਿਚ ਇਨ੍ਹਾਂ ਖੰਡਾਂ ਦੀ ਵੱਖਰੀ ਹਸਤੀ ਮੰਨੀ ਹੈ। ਸੋ ਇਨ੍ਹਾਂ ਤਿੰਨਾਂ ਸੱਜਣਾਂ ਦਾ ਵਿਚਾਰ ਬਿਲਕੁਲ ਠੀਕ ਹੈ।

ਭੱਟਾਂ ਦੇ ਸਵੱਈਆਂ ਵਿਚ ਅਕਾਲ ਪੁਰਖ ਦੀ ਕਲਾ ਅਤੇ ਉਨ੍ਹਾਂ ਦੇ ਸਰੂਪ ਜੋਤਿ ਰੂਪ ਗੁਰੂ ਸਾਹਿਬਾਨ ਦੀ ਗੁਰੂ ਕਲਾ ਤੇ ਗੁਰਮਤਿ-ਨਾਮ ਦੀ ਵਿਆਖਿਆ ਕੀਤੀ ਗਈ ਹੈ। ਇਹ ਬਾਣੀ ਬੜੀ ਕਲਾ..ਈ ਤੇ ਪਤੇ ਦੀਆਂ ਗੱਲਾਂ ਦਸਣ ਵਾਲੀ ਹੈ। ਇਸ ਨੂੰ ਪ੍ਰੇਮ ਨਾਲ ਸਮਝਣ ਤੇ ਵਿਚਾਰਨ ਦੀ ਲੋੜ ਹੈ, ਨਾ ਕਿ ਇਸ ਪਰ ਤਰਕ ਕਰਨ ਦੀ ਲੋੜ ਹੈ। ਭੱਟ ਗੁਰੂ ਸਾਹਿਬ ਦੇ ਹਜ਼ੂਰੀ ਸਿਖ ਹੋਣ ਕਰਕੇ ਗੁਰੂ ਸਾਹਿਬਾਨ ਦੀ ਅਸਚਰਜ ਗੁਰਮਤਿ ਕਲਾ ਦੇ ਅੱਖੀਂ ਡਿਠੇ ਪਰਤੱਖ ਨਜ਼ਾਰਿਆਂ ਦੇ ਗਵਾਹ ਹਨ। ਭਿੱਖਾ ਕਹਿੰਦਾ ਹੈ ਕਿ ਮੈਨੂੰ ਗੁਰੂ ਸਾਹਿਬ ਨੇ ਨਿਰੰਕਾਰ ਨਾਲ ਮਿਲਾ ਦਿਤਾ ਹੈ। ਦੇਖੋ ਸਵਈਆ :—

ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ।੨।।੨੦।।
[ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੬

ਗੁਰੂ ਸਾਹਿਬ ਦਾ ਸੁਰਗਾ ਪੁਰੀ ਵਿਚੀਂ ਹੋ ਕੇ ਸਚਖੰਡ ਜਾਣ ਦੇ ਨਜ਼ਾਰੇ ਦਾ ਵਰਣਨ ਕਰਨਾ ਭੱਟਾਂ ਦਾ ਹੀ ਕੰਮ ਹੈ। ਸੋ ਭੱਟ ਬਾਣੀ ਯਥਾਰਥ ਤੇ ਰਸ-ਭਿੰਨੀ ਹੈ ਅਤੇ ਗੁਰਬਾਣੀ ਨਾਲ ਅਭੇਦ ਹੈ ਅਤੇ ਇਸ ਉਤੇ ਉਟੰਕਣ ਕਰਨਾ ਅਣਜਾਣ-ਪੁਣੇ ਦਾ ਸਬੂਤ ਦੇਣਾਂ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜ਼ਿੰਦਗੀ ਵਿਚ ਹੀ 'ਦੇਵਪੁਰੀ' ਵਾਲੇ ਸਵੱਈਏ ਸੰਬੰਧੀ ਉਨ੍ਹਾਂ ਨਾਲ ਵਿਚਾਰ ਹੋਈ ਸੀ। ਉਸ ਵਿਚਾਰ ਦੇ ਅਧਾਰ ਉਤੇ ਹੀ ਇਹ ਨੋਟ ਲਿਖਿਆ ਗਿਆ ਹੈ।

ਨਾਹਰ ਸਿੰਘ ਗਯਾਨੀ

੧੯ ਮਈ ੧੯੬੫ ਈ:

---

* ਜਪੁਜੀ ਸਾਹਿਬ, ਪਉੜੀ ੩੨


www.sikhbookclub.com